ਸੰਮਤ: ੫੫੮ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੦੭ ਵੈਸਾਖ ਸੰਨ ੨੦੨੬ Monday, 20 April

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਸ੍ਰੀ ਗੁਰੂ ਅੰਗਦ ਦੇਵ ਜੀ ਤੇ ਉਨ੍ਹਾਂ ਦਾ ਜੀਵਨ-ਯੋਗਦਾਨ



ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਜਨਮ ੫ ਵੈਸਾਖ ੧੫੬੧ ਬਿਕ੍ਰਮੀ ਨੂੰ ਪਿੰਡ ਮੱਤੇ ਦੀ ਸਰਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਇਸ ਪਿੰਡ ਦਾ ਮੌਜੂਦਾ ਨਾਮ ਸਰਾਏ ਨਾਗਾ ਹੈ। ਗੁਰੂ ਸਾਹਿਬ ਜੀ ਦੇ ਪਿਤਾ ਦਾ ਨਾਮ ਬਾਬਾ ਫੇਰੂ ਮੱਲ ਅਤੇ ਮਾਤਾ ਦਾ ਨਾਮ ਮਾਤਾ ਦਇਆ ਕੌਰ ਸੀ। ਬਚਪਨ ਵਿਚ ਮਾਪਿਆਂ ਨੇ ਆਪ ਜੀ ਦਾ ਨਾਮ ਲਹਿਣਾ ਰੱਖਿਆ। ਗੁਰਤਾ ਗੱਦੀ ਮਿਲਣ ਤੋਂ ਪਹਿਲਾਂ ਗੁਰੂ ਸਾਹਿਬ ਜੀ ਨੂੰ ਭਾਈ ਲਹਿਣਾ ਜੀ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ । ਪਿਤਾ ਬਾਬਾ ਫੇਰੂ ਮੱਲ ਜੀ ਵਪਾਰ ਦਾ ਕੰਮ ਕਰਦੇ ਸਨ। ਘਰ ਵਿਚ ਗ਼ਰੀਬੀ ਹੋਣ ਕਾਰਨ ਚੰਗੇ ਕਾਰੋਬਾਰ ਦੀ ਭਾਲ ਵਿਚ ਬਾਬਾ ਫੇਰੂ ਮੱਲ ਜੀ ਪਰਵਾਰ ਸਮੇਤ ਖਡੂਰ ਸਾਹਿਬ ਵਿਖੇ ਆਪਣੀ ਭੈਣ ਬੀਬੀ ਸਭਰਾਈ ਜੀ ਕੋਲ ਆ ਗਏ, ਜੋ ਖਡੂਰ ਸਾਹਿਬ ਵਿਖੇ ਵਿਆਹੀ ਹੋਈ ਸੀ। ਇਥੇ ਹੀ ਪੰਦਰ੍ਹਾਂ ਸਾਲ ਦੀ ਉਮਰ ਵਿਚ ਗੁਰੂ ਸਾਹਿਬ ਜੀ ਦਾ ਵਿਆਹ ਪਿੰਡ ਸੰਘਰ (ਅੰਮ੍ਰਿਤਸਰ) ਦੇ ਰਹਿਣ ਵਾਲੇ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਗੁਰੂ ਸਾਹਿਬ ਜੀ ਦੇ ਘਰ ਦੋ ਪੁੱਤਰ ਬਾਬਾ ਦਾਸੂ ਜੀ, ਬਾਬਾ ਦਾਤੂ ਜੀ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ। ਆਪ ਜੀ ਦੇ ਪਿਤਾ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ ’ਤੇ ਸੰਗ ਲੈ ਕੇ ਜਾਂਦੇ ਸਨ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਇਹ ਕੰਮ ਆਪ ਕਰਨ ਲੱਗੇ। ਇਕ ਦਿਨ ਅੰਮ੍ਰਿਤ ਵੇਲੇ ਆਪ ਬਾਹਰ ਇਸ਼ਨਾਨ ਕਰਨ ਲਈ ਗਏ ਤਾਂ ਉਨ੍ਹਾਂ ਦਾ ਮਿਲਾਪ ਭਾਈ ਜੋਧ ਜੀ ਨਾਲ ਹੋ ਗਿਆ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰ ਰਹੇ ਸਨ। ਉਨ੍ਹਾਂ ਦੇ ਮਨ ਨੂੰ ਬਾਣੀ ਸੁਣ ਕੇ ਖਿੱਚ ਵੱਜੀ ਅਤੇ ਭਾਈ ਜੋਧ ਜੀ ਤੋਂ ਇਸ ਬਾਰੇ ਸੁਣਿਆ ਕਿ ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ ਤਾਂ ਭਾਈ ਲਹਿਣਾ ਜੀ ਦੇ ਮਨ ਵਿਚ ਗੁਰੂ ਨਾਨਕ ਸਾਹਿਬ ਜੀ ਨੂੰ ਮਿਲਣ ਦੀ ਤਾਂਘ ਪੈਦਾ ਹੋਈ। ਸੰਨ ੧੫੩੨ ਈ. ਵਿਚ ਜਦੋਂ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਗਏ। ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਨ ਉਪਰੰਤ ਭਾਈ ਲਹਿਣਾ ਜੀ ਉੱਪਰ ਗੁਰੂ ਨਾਨਕ ਸਾਹਿਬ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀਆਂ ਸ਼ੁਭ ਗੁਣਾਂ ਵਾਲੀਆਂ ਸਿੱਖਿਆਵਾਂ ਦਾ ਇਤਨਾ ਡੂੰਘਾ ਅਸਰ ਹੋਇਆ ਕਿ ਆਪ ਗੁਰੂ ਸਾਹਿਬ ਜੀ ਦੇ ਸ਼ਰਧਾਲੂ ਬਣ ਗਏ। ਆਪ ਜੀ ਨੇ ਆਪਣੇ ਸਾਥੀਆਂ ਨੂੰ ਇਥੋਂ ਤਕ ਕਹਿ ਦਿੱਤਾ ਕਿ ਮੈਨੂੰ ਹੁਣ ਹੋਰ ਕਿਸੇ ਵੀ ਯਾਤਰਾ ਦੀ ਕੋਈ ਲੋੜ ਨਹੀਂ। ਮੈਨੂੰ ਤਾਂ ਅਸਲੀ ਮਾਰਗ ਮਿਲ ਗਿਆ ਹੈ। ਇਸ ਲਈ ਤੁਸੀਂ ਜਾਸਕਦੇ ਹੋ। ਇਸ ਘਟਨਾ ਤੋਂ ਬਾਅਦ ਭਾਈ ਲਹਿਣਾ ਜੀ ਨੇ ਹਮੇਸ਼ਾਂ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੋਲ ਰਹਿਣਾ ਸ਼ੁਰੂ ਕਰ ਦਿੱਤਾ । ਭਾਈ ਲਹਿਣਾ ਜੀ ਉਸ ਤੋਂ ਬਾਅਦ ੭ ਸਾਲ ਗੁਰੂ ਜੀ ਦੀ ਸੇਵਾ ਵਿਚ ਰਹੇ। ਭਾਈ ਲਹਿਣਾ ਜੀ ਰਾਤ-ਦਿਨ ਹੀ ਸੇਵਾ ਵਿਚ ਲੱਗੇ ਰਹਿੰਦੇ, ਗੁਰੂ ਸਾਹਿਬ ਜੀ ਦਾ ਉਪਦੇਸ਼ ਨਿਤਾਪ੍ਰਤੀ ਸੁਣਦੇ ਅਤੇ ਗੁਰੂ ਸਾਹਿਬ ਜੀ ਵੱਲੋਂ ਕੀਤੇ ਹਰ ਹੁਕਮ ਨੂੰ ਆਪਣਾ ਸੁਭਾਗ ਸਮਝ ਕੇ ਬਹੁਤ ਹੀ ਖ਼ੁਸ਼ੀ ਨਾਲ ਕਰਦੇ।ਇਹੋ ਕਾਰਨ ਸੀ ਕਿ ਭਾਈ ਲਹਿਣਾ ਜੀ ਗੁਰੂ ਸਾਹਿਬ ਜੀ ਨੂੰ ਸਭ ਤੋਂ ਵੱਧ ਪਿਆਰੇ ਲੱਗਦੇ ਸਨ। ਗੁਰੂ ਨਾਨਕ ਸਾਹਿਬ ਜੀ ਆਪਣਾ ਕੋਈ ਯੋਗ ਉੱਤਰਾਧਿਕਾਰੀ ਨਿਯੁਕਤ ਕਰਨਾ ਚਾਹੁੰਦੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਆਪਣੇ ਸਿੱਖਾਂ ਅਤੇ ਪੁੱਤਰਾਂ ਦੀਆਂ ਬਹੁਤ ਹੀ ਕਠਿਨ ਪ੍ਰੀਖਿਆਵਾਂ ਲਈਆਂ ਗਈਆਂ। ਜਿਵੇਂ ਗੁਰੂ ਜੀ ਨੇ ਅੱਧੀ ਰਾਤ ਸਮੇਂ ਮੋਹਲੇਧਾਰ ਹੋ ਰਹੀ ਵਰਖਾ ਵਿਚ ਆਪਣੇ ਪੁੱਤਰਾਂ ਤੇ ਸਿੱਖਾਂ ਨੂੰ ਢਹਿ ਚੁਕੀ ਕੱਚੀ ਕੰਧ ਬਣਾਉਣ ਲਈ ਕਿਹਾ, ਸਾਰਿਆਂ ਨੇ ਨਾਂਹ ਕਰ ਦਿੱਤੀ। ਜਦੋਂ ਗੁਰੂ ਸਾਹਿਬ ਜੀ ਨੇ ਭਾਈ ਲਹਿਣਾ ਜੀ ਨੂੰ ਹੁਕਮ ਕੀਤਾ ਤਾਂ ਭਾਈ ਲਹਿਣਾ ਜੀ ਨੇ ਤਤਛਿਨ ਹੀ ਗੁਰੂ ਜੀ ਦਾ ਹੁਕਮ ਮੰਨ ਕੇ ਢਹਿ ਚੁਕੀ ਕੰਧ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ । ਇਸ ਪ੍ਰੀਖਿਆ ਵਿੱਚੋਂ ਭਾਈ ਲਹਿਣਾ ਜੀ ਹੀ ਪਾਸ ਹੋਏ। ਸਿਆਲ ਦੀ ਰੁੱਤੇ ਬਸਤਰ ਧੋਣ, ਧਰਮਸ਼ਾਲਾ ਵਿੱਚੋਂ ਮਰੀ ਹੋਈ ਚੂਹੀ ਬਾਹਰ ਸੁੱਟਣ, ਖੇਤਾਂ ਵਿੱਚੋਂ ਚਿੱਕੜ ਨਾਲ ਚੋਅ ਰਹੇ ਨਦੀਨ ਦੀ ਪੰਡ ਨੂੰ ਚੁੱਕਣ ਅਤੇ ਚਿੱਕੜ ਵਿੱਚੋਂ ਡਿੱਗੇ ਹੋਏ ਕਟੋਰੇ ਨੂੰ ਬਾਹਰ ਕੱਢਣ ਵਾਲੀਆਂ ਆਦਿ ਸਾਰੀਆਂ ਹੀ ਪ੍ਰੀਖਿਆਵਾਂ ਵਿੱਚੋਂ ਭਾਈ ਲਹਿਣਾ ਜੀ ਹੀ ਸਫਲ ਹੋਏ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਆਪਣੇ ਅੰਗ ਲਗਾ ਕੇ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ । ਸਾਰੀ ਸੰਗਤ ਸਾਹਮਣੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਖਸ਼ ਕੇ ਮੱਥਾ ਟੇਕਿਆ ਅਤੇ ਬਾਣੀ ਦੀ ਪੋਥੀ ਵੀ ਸੌਂਪ ਦਿੱਤੀ।ਗੁਰੂ ਬਣਨ ਪਿੱਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਕੇ ਸਿੱਖੀ ਦਾ ਪ੍ਰਚਾਰ ਕਰਨ ਲੱਗੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਗੁਰਿਆਈ ਸਮੇਂ ਦੌਰਾਨ ਗੁਰਮੁਖੀ ਲਿਪੀ ਦਾ ਵਿਕਾਸ ਕੀਤਾ। ਗੁਰਮੁਖੀ ਦੇ ਬਾਲ-ਬੋਧ ਲਿਖਵਾ ਕੇ ਬੱਚਿਆਂ ਨੂੰ ਵੰਡੇ। ਗੁਰਮੁਖੀ ਲਿਪੀ ਦੀ ਵਰਤੋਂ ਨੇ ਪੁਜਾਰੀ ਸ਼੍ਰੇਣੀ ਦੀ ਪ੍ਰਮੁੱਖਤਾ ਨੂੰ ਵੀ ਕਰਾਰੀ ਚੋਟ ਮਾਰੀ ਜਿਨ੍ਹਾਂ ਦੀ ਮਹੱਤਤਾ ਉਨ੍ਹਾਂ ਦੀ ਸੰਸਕ੍ਰਿਤ ਦੇ ਗਿਆਨ 'ਤੇ ਆਧਾਰਿਤ ਸੀ, ਜਿਹੜੀ ਉਸ ਸਮੇਂ ਤਕ ਧਰਮ ਦੀ ਭਾਸ਼ਾ ਰਹੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਸਰੀਰਿਕ ਪੱਖੋਂ ਤਕੜੇ ਬਣਾਉਣ ਲਈ ਮੱਲ ਅਖਾੜਾ ਵੀ ਕਾਇਮ ਕੀਤਾ, ਜਿੱਥੇ ਗੁਰੂ ਸਾਹਿਬ ਆਪਣੀ ਨਿਗਰਾਨੀ ਹੇਠ ਕੁਸ਼ਤੀਆਂ ਕਰਵਾਉਂਦੇ ਸਨ।ਲੰਗਰ ਦੀ ਪ੍ਰਥਾ ਨੂੰ ਹੋਰ ਵੀ ਮਜ਼ਬੂਤ ਕੀਤਾ। ਲੰਗਰ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਮਾਤਾ ਖੀਵੀ ਜੀ ਨੂੰ ਸੌਂਪੀ। ਲੰਗਰ ਵਿਚ ਦੁੱਧ ਅਤੇ ਘਿਉ ਵਿਚ ਬਣੀ ਖੀਰ ਖਾਣ ਨੂੰ ਮਿਲਦੀ ਸੀ, ਜਿਸ ਦਾ ਜ਼ਿਕਰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਆਪਣੀਵਾਰ ਵਿਚ ਇਸ ਤਰ੍ਹਾਂ ਕੀਤਾ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥
(ਅੰਗ ੯੬੭)

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਲਿਖਵਾਉਣ ਦਾ ਮਹੱਤਵਪੂਰਨ ਕਾਰਜ ਕੀਤਾ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦਾ ਡੱਟ ਕੇ ਵਿਰੋਧ ਕੀਤਾ। ਗੁਰੂ ਸਾਹਿਬ ਜੀ ਦੇ ਮਨ ਵਿਚ ਕਿਸੇ ਕਿਸਮ ਦਾ ਭੈ ਨਹੀਂ ਸੀ। ਗੁਰੂ ਸਾਹਿਬ ਜੀ ਦੀ ਨਿਰਭੈ ਹੋਣ ਦੀ ਮਿਸਾਲ ਹਮਾਯੂੰ ਨਾਲ ਹੋਏ ਵਾਰਤਾਲਾਪ ਤੋਂ ਭਲੀਭਾਂਤ ਮਿਲਦੀ ਹੈ। ਗੁਰੂ ਸਾਹਿਬ ਜੀ ਦੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਦਮਾਨ ਹੈ।ਸੰਮਤ ੧੫੯੭ ਵਿਚ ਸ੍ਰੀ ਗੁਰੂ ਅਮਰਦਾਸ ਜੀ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਏ ਜਿਨ੍ਹਾਂ ਨੇ ਆਪਣੀ ਸੇਵਾ ਤੇ ਘਾਲ ਕਮਾਈ ਕਰਕੇ ਗੁਰੂ ਜੀ ਦਾ ਮਨ ਜਿੱਤ ਲਿਆ।

ਸ੍ਰੀ ਗੁਰੂ ਅਮਰਦਾਸ ਜੀ ਨੇ ਹੀ ਸਿੱਖ ਧਰਮ ਨਾਲ ਈਰਖਾ ਰੱਖਣ ਵਾਲੇ ਪਾਖੰਡੀ ਤਪੇ ਸ਼ਿਵ ਨਾਥ ਦਾ ਪਾਜ ਉਘੇੜਿਆ ਸੀ । ਗੁਰੂ ਸਾਹਿਬ ਜੀ ਆਪਣੇ ਗੁਜ਼ਾਰੇ ਲਈ ਮੁੰਞ ਦਾ ਵਾਣ ਵੱਟ ਕੇ ਹੱਥੀਂ ਕਿਰਤ ਕਰਕੇ ਆਪਣੇ ਸਿੱਖਾਂ ਲਈ ਮਾਰਗ-ਦਰਸ਼ਕ ਬਣੇ।

ਸੰਗਤਾਂ ਤੋਂ ਆਈ ਭੇਟਾ ਸਾਂਝੇ ਕਾਰਜਾਂ ਲਈ ਹੀ ਵਰਤੀ ਜਾਂਦੀ ਸੀ।ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣਾ ਉੱਤਰਾਧਿਕਾਰੀ ਚੁਣਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗ ਹੀ ਆਪਣੇ ਪੁੱਤਰਾਂ ਅਤੇ ਸਿੱਖਾਂ ਨੂੰ ਬੜੀ ਕਰੜੀ ਪ੍ਰੀਖਿਆ ਵਿੱਚੋਂ ਦੀ ਲੰਘਾਇਆ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣੀ ਥਾਂ ਦੇਣ ਲਈ ਸਭ ਤੋਂ ਯੋਗ ਪੁਰਸ਼ ਸਮਝਿਆ। ਸ੍ਰੀ ਗੁਰੂ ਅੰਗਦ ਦੇਵ ਜੀ ੩ ਵੈਸਾਖ ਸੰਮਤ ਨਾਨਕਸ਼ਾਹੀ ੮੪ ਅਨੁਸਾਰ ੨੯ ਮਾਰਚ, ੧੫੫੨ ਈ. ਨੂੰ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਤਾਗੱਦੀ ਬਖਸ਼ ਕੇ ਖਡੂਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ।


**ਜਸਪਾਲ ਸਿੰਘ**

## ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਡਮੁੱਲੀ ਦੇਣ: ਗੁਰਮੁਖੀ ਲਿਪੀ



ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਹਾਨ ਕਾਰਜਾਂ ਵਿਚੋਂ ਇਕ ਬਹੁਤ ਵੱਡੀ ਮਹਾਨਤਾ ਵਾਲਾ ਕਾਰਜ ਹੈ—ਗੁਰਮੁਖੀ ਲਿਪੀ ਦੀ ਸਿਰਜਨਾ। ਪਰ ਅਫ਼ਸੋਸ ਕਿ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਦੀ ਇਸ ਵਡਮੁੱਲੀ ਦੇਣ ਦੀ ਕਦਰ ਨਹੀਂ ਪਾਈ। ਕੁਝ ਵਿਦਵਾਨਾਂ ਨੇ ਤਾਂ ਇਥੋਂ ਤੱਕ ਲਿਖ ਦਿੱਤਾ ਹੈ ਕਿ ਸਿਵਾਇ ਇਸ ਦੇ ਨਾਮ ‘ਗੁਰਮੁਖੀ' ਦੇ, ਇਸ ਲਿਪੀ ਦਾ ਹੋਰ ਕੋਈ ਵੀ ਅੰਸ਼ ਗੁਰੂ ਸਾਹਿਬਾਨ ਦੇ ਦੇਣ ਨਹੀਂ, ਕਿਉਂਕਿ ਇਸ ਲਿਪੀ ਦੇ ਸਾਰੇ ਅੱਖਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਮੌਜੂਦ ਸਨ। ਇਨ੍ਹਾਂ ਵਿਦਵਾਨਾਂ ਦਾ ਲਿਪੀ-ਵਿਗਿਆਨ ਤੇ ਲਿਪੀ ਦੇ ਇਤਿਹਾਸ ਬਾਰੇ ਗਿਆਨ ਮਸਾਂ ਉਨ੍ਹਾਂ ਦੇ ਘਰ ਦੀਆਂ ਬਰੂਹਾਂ ਤਕ ਸੀਮਿਤ ਹੈ। ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਨਿਰੇ ਅੱਖਰ ਲਿੱਪੀ ਨਹੀਂ ਹੁੰਦੇ। ਭਾਸ਼ਾ ਮਨੁੱਖ ਜਾਤੀ ਦੀ ਆਪਣੇ ਵਿਚਾਰ ਭਾਵ ਇੱਛਾਵਾਂ ਆਦਿ ਦੂਸਰੇ ਮਨੁੱਖਾਂ ਤਕ ਪਹੁੰਚਾਉਣ ਵਾਲੀ ਵਿਵਸਥਾ ਹੈ ਅਤੇ ਲਿੱਪੀ ਇਸ ਭਾਸ਼ਾ ਨੂੰ ਲਿਖਤ ਰੂਪ ਵਿਚ ਪੇਸ਼ ਕਰਨ ਵਾਲਾ ਇਕ ਨਿਯਮਬੱਧ ਸਿਸਟਮ ਹੈ। ਲਿਪੀ ਦੇ ਅੱਖਰ ਇਸ ਸਿਸਟਮ ਦਾ ਇਕ ਅੰਸ਼ ਹਨ, ਬਹੁਤ ਜ਼ਰੂਰੀ ਅੰਸ਼, ਪਰ ਨਿਰੇ ਅੱਖਰ ਲਿੱਪੀ ਨਹੀਂ ਹੁੰਦੇ।ਗੁਰੂ ਸਾਹਿਬ ਦੇ ਸਮੇਂ ਪੰਜਾਬ ਤੇ ਲਾਗ-ਚਾਗ ਦੇ ਇਲਾਕੇ ਵਿਚ ਕਈ ਲਿੱਪੀਆਂ ਪ੍ਰਚਲਤ ਸਨ-ਸਿੱਧ ਮਾਤ੍ਰਿਕਾ, ਆਕਰੀ, ਭੱਟ-ਅੱਛਰੀ, ਲੰਡੇ, ਟਾਕਰੇ, ਆਦਿ। ਪਰ ਇਨ੍ਹਾਂ ਵਿਚੋਂ ਕੋਈ ਵੀ ਲਿੱਪੀ ਸੰਪੂਰਨ ਤੇ ਗੁਰਬਾਣੀ ਲਿਖਣ ਦੇ ਯੋਗ ਨਹੀਂ ਸੀ; ਇਸ ਲਈ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਲਿੱਪੀਆਂ ਦੇ ਕੁਝ-ਕੁਝ ਗੁਣ ਅਪਣਾ ਕੇ ਤੇ ਕੁਝ ਕਮਜ਼ੋਰੀਆਂ ਦੂਰ ਕਰ ਕੇ ਇਕ ਨਵੀਂ ਲਿੱਪੀ ਤਿਆਰ ਕੀਤੀ, ਜਿਸ ਦਾ ਨਾਮ ਗੁਰਮੁਖੀ ਪ੍ਰਸਿੱਧ ਹੋਇਆ।...

**ਡਾ. ਹਰਕੀਰਤ ਸਿੰਘ**



# ਗੁਰਬਾਣੀ: ਭਾਵਨਾ ’ਤੇ ਭਰਮ

ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 918 ਤੇ ਸੁਸ਼ੋਭਿਤ ਆਪਣੇ ਵਚਨ ਵਿੱਚ ਗੁਰਸਿੱਖ ਨੂੰ ਵਿਲੱਖਣ ਅੰਤਰ ਅਵਸਥਾ ਦਾ ਸੁਆਮੀ ਕਿਹਾ ਜੋ ਧਰਮ ਦੇ ਬਿਖਮ ਮਾਰਗ ਤੇ ਸਹਿਜ ਚੱਲਣ ਦੀ ਸਮਰੱਥਾ ਰੱਖਦਾ ਹੈ। ਉਹ ਲੋਭ , ਮੋਹ , ਹੰਕਾਰ ਆਦਿਕ ਵਿਕਾਰ ਤਿਆਗ ਕੇ ਅੰਤਰ ਮਨ ਦੀ ਨਿਰਮਲਤਾ ਪ੍ਰਾਪਤ ਕਰ ਲੈਂਦਾ ਹੈ ਪਰ ਆਪਣੀ ਆਤਮਿਕ ਸ੍ਰੇਸ਼ਟਤਾ ਦਾ ਵਿਖਾਵਾ ਨਹੀਂ ਕਰਦਾ । ਇਸ ਵਿਧੀ ਨਾਲ ਹੀ ਗੁਰਸਿੱਖ ਧਰਮ ਦੇ ਤੇਗ ਦੀ ਧਾਰ ਤੋਂ ਵੀ ਤਿੱਖੇ ਤੇ ਵਾਲ ਤੋਂ ਵੀ ਬਾਰੀਕ ਮਾਰਗ ਤੇ ਚੱਲਣ ਯੋਗ ਬਣਦਾ ਹੈ। ਧਰਮ ਦੀ ਸੱਚੀ ਦ੍ਰਿਸ਼ਟੀ , ਭਗਤੀ ਦੀ ਪਾਵਨ ਭਾਵਨਾ ਧਾਰਨ ਕਰਨਾ ਦੋਧਾਰੀ ਤੇਗ ਦੀ ਤਿੱਖੀ ਧਾਰ ਤੇ ਚੱਲਣ ਜਿਹਾ ਹੈ। ਧਰਮ ਦੀ ਦ੍ਰਿਸ਼ਟੀ , ਭਾਵਨਾ ਨੂੰ ਵਾਲ ਤੋਂ ਵੀ ਬਾਰੀਕ ਬੁੱਧੀ ਤੇ ਚੇਤਨਾ ਨਾਲ ਹੀ ਸਮਝਿਆ ਜਾ ਸਕਦਾ ਹੈ। ਗੁਰਸਿੱਖੀ ਨਿਰਮਲ ਅੰਤਰ ਅਵਸਥਾ ਸਿਰਜਣ ਦਾ ਮਾਰਗ ਹੈ। ਇਸ ਦੀ ਜਾਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੁੰਦੀ ਹੈ । ਇਹ ਗਿਆਨ ਦਾ ਸਾਗਰ ਹੈ , ਜੀਵਨ ਦਾ ਦਿਸ਼ਾ ਵਾਹਕ ਹੈ , ਪਰਮਾਤਮਾ ਨਾਲ ਮੇਲ ਦਾ ਰੱਥ ਹੈ। ਗੁਰਸਿੱਖ ਗੁਰਬਾਣੀ ਪੜ੍ਹਦਾ ਹੈ , ਸੁਣਦਾ ਹੈ , ਗੁਰਬਾਣੀ ਦੇ ਹੁਕਮ ਮੰਨਦਾ ਹੈ ਤੇ ਇਸ ਰਾਹ ਤੇ ਚੱਲ ਕੇ ਹੀ ਪਰਮਾਤਮਾ ਦੀ ਮਿਹਰ ਪ੍ਰਾਪਤ ਕਰਦਾ ਹੈ। ਗੁਰਬਾਣੀ ਸੰਸਾਰ ਦਾ ਸੱਭ ਤੋਂ ਸਰਲ , ਸਹਿਜ ਧਾਰਮਿਕ ਦਰਸ਼ਨ ਹੈ ਪਰ ਇਸ ਦਾ ਪਾਲਨ ਸੱਭ ਤੋਂ ਕਠਿਨ ਹੈ। ਲੋਭ , ਮੋਹ , ਹੰਕਾਰ , ਕਾਮ , ਕ੍ਰੋਧ ਤਿਆਗਨਾ , ਮਨ ਅੰਦਰ ਸਹਿਜ , ਸੰਜਮ , ਸੰਤੋਖ ਧਾਰਨ ਕਰਨਾ ਜਨਮਾਂ ਜਨਮਾਂ ਤੋਂ ਆਪਣਾ ਘਰ ਬਣੀ ਹੋਈ ਹਨੇਰੀ ਗੁਫਾ ਤੋਂ ਚਾਨਣ ਦੇ ਖੁੱਲੇ ਆਕਾਸ਼ ਹੇਠ ਆ ਜਾਣਾ ਹੈ। ਜਦੋਂ ਤੱਕ ਗੁਰੂ ਨਹੀਂ ਸੀ ਹਨੇਰਾ ਵਿਆਪ ਰਿਹਾ ਸੀ। ਸੁਭਾਗ ਨਾਲ ਗੁਰੂ ਮਿਲਿਆ ਹੈ ਤਾਂ ਹਨੇਰੇ ਦੇ ਬਿਨਸਨ ‘ਤੇ ਚਾਨਣ ਦੀ ਆਮਦ ਦਾ ਆਰੰਭ ਹੋ ਗਿਆ ਹੈ।ਗੁਰਬਾਣੀ ਗੁਰਸਿੱਖ ਅੰਦਰ ਭਾਵਨਾ ਪੈਦਾ ਕਰਦੀ ਹੈ ਹਨੇਰੇ ਤੋਂ ਚਾਨਣ ਵੱਲ ਤੁਰਨ ਦੀ। ਚਾਨਣ ਅੰਦਰ ਸੱਚ ਹੈ, ਸਪਸ਼ਟਤਾ ਹੈ, ਸਮ ਦ੍ਰਿਸ਼ਟੀ ਹੈ। ਗੁਰਬਾਣੀ ਦਾ ਚਾਨਣ ਆਨੰਦ ਵੰਡਣ ਵਾਲਾ ਹੈ। ਗੁਰੂ ਅਮਰਦਾਸ ਜੀ ਦਾ ਵਚਨ ਹੋਇਆ

“ਮਨ ਰੇ ਸਦਾ ਅਨੰਦੁ ਗੁਣ ਗਾਇ”।

ਗੁਰਬਾਣੀ ਗਾਉਣਾ , ਸੁਣਨਾ ਮਨ ਅੰਦਰ ਆਨੰਦ ਪੈਦਾ ਕਰਦਾ ਹੈ। ਮਨ ਦਾ ਆਨੰਦ ਨਾਲ ਭਰ ਜਾਣਾ ਗੁਰਬਾਣੀ ਨਾਲ ਜੁੜ ਜਾਣ ਦੀ ਗਵਾਹੀ ਦਿੰਦਾ ਹੈ।ਇਹ ਆਨੰਦ ਇਸ ਕਾਰਨ ਹੈ ਕਿ ਗੁਰਬਾਣੀ ਸਚ ਦਾ ਬੋਧ ਕਰਾਉਂਦੀ ਹੈ ਸਾਰੇ ਭਰਮ ਜੋ ਦ੍ਰਿਸ਼ਮਾਨ ਸੰਸਾਰ ਨੇ ਪੈਦਾ ਕੀਤੇ ਹਨ ਦੂਰ ਹੋ ਜਾਂਦੇ ਹਨ । ਭਰਮ ਹੀ ਤਾਂ ਦੁੱਖਾਂ ਦਾ ਮੂਲ ਹਨ। ਭਰਮ ਨਾ ਰਹਿਣ ਤਾਂ ਦੁੱਖ ਆਪ ਹੀ ਬਿਨਸ ਜਾਂਦੇ ਹਨ। ਦੁੱਖਾਂ ਦਾ ਨਾ ਰਹਿਣਾ ਹੀ ਆਨੰਦ ਹੈ। ਗੁਰਸਿੱਖ ਦਾ ਆਨੰਦ ਗੁਰਬਾਣੀ ਰਾਹੀਂ ਪਰਮਾਤਮਾ ਦੀ ਸ਼ਰਣ ਪ੍ਰਾਪਤ ਕਰ ਲੈਣਾ ਹੈ

“ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ”

ਗੁਰਬਾਣੀ ਨਾਲ ਪ੍ਰੀਤ ਕਰਨਾ, ਗੁਰਬਾਣੀ ਅਨੁਸਾਰ ਜੀਵਨ ਢਾਲਣਾ ਦਰਅਸਲ ਪਰਮਾਤਮਾ ਵਿੱਚ ਲੀਨ ਹੋਣਾ ਹੈ ਜੋ ਆਨੰਦ ਦਾ ਸੋਮਾ ਹੈ

“ਅਨਦ ਮੂਲੁ ਧਿਆਇਆ ਪੁਰਖੋਤਮੁ ਅਨਦਿਨੁ ਅਨਦ ਅਨੰਦੇ”।

ਆਨੰਦ ਦੀ ਇਹ ਅਵਸਥਾ ਗੁਰਬਾਣੀ ਪੜ੍ਹਨ, ਸੁਣਨ ਸਮੇਂ ਬਣਨੀ ਆਰੰਭ ਹੁੰਦੀ ਹੈ ਤੇ ਸਦੀਵੀ ਬਣ ਜਾਂਦੀ ਹੈ ਜਦੋਂ ਗੁਰਬਾਣੀ ਨੂੰ ਪੂਰਨ ਤੌਰ ਤੇ ਧਾਰਨ ਕਰ ਮਨ ਦੀ ਲਿਵ ਪਰਮਾਤਮਾ ਵਿੱਚ ਲੱਗ ਜਾਂਦੀ ਹੈ। ਇਹ ਵਿਕਾਰਾਂ ਤੋਂ ਰਹਿਤ ਅਵਸਥਾ ਹੈ

“ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ”।

ਗੁਰਬਾਣੀ ਸੰਸਾਰ ਦਾ ਜੀਵਨ ਦਾ ਸੱਚ ਸਾਹਮਣੇ ਰੱਖ ਦਿੰਦੀ ਹੈ ਕਿ ਜੋ ਦ੍ਰਿਸ਼ਟੀਮਾਨ ਹੈ ਉਹ ਸੱਭ ਕੁੱਝ ਨਾਸ਼ਵਾਨ ਹੈ। ਕਿਸੇ ਤੇ ਵੀ ਭਰੋਸਾ ਨਹੀਂ ਕੀਤਾ ਜਾ ਸਕਦਾ। ਆਪਣਾ ਜੀਵਨ ਵੀ ਇੱਕ ਦਮ ਦਾ ਹੈ

“ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ”।

ਸੰਸਾਰ ਵਿੱਚ ਆਉਣਾ ਇਕ ਮਹਿਮਾਨ ਵੱਜੋਂ ਹੀ ਹੈ “ ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ” । ਜਿਸ ਗੁਰਸਿੱਖ ਨੇ ਗੁਰਬਾਣੀ ਨੂੰ ਧਾਰਨ ਕਰ ਲਿਆ ਉਸ ਅੰਦਰ ਜੀਵਨ ਦਾ ਮੋਹ ਖਤਮ ਹੋ ਜਾਏਗਾ। ਸੰਸਾਰ ਅੰਦਰ ਉਸ ਦਾ ਵਿਵਹਾਰ ਇੱਕ ਮਿਹਮਾਨ ਦੀ ਤਰਹ ਹੋਵੇਗਾ ਜੋ ਆਪਣੇ ਫਰਜ ਪੂਰੇ ਕਰਨ ਤੇ ਧਿਆਨ ਦਿੰਦਾ ਹੈ ਤੇ ਅਸਥਾਨ , ਪਦਾਰਥਾਂ , ਸਬੰਧਾਂ ਦਾ ਮੋਹ ਨਹੀਂ ਕਰਦਾ ਕਿਉਂਕਿ ਸਮਾਂ ਪੂਰਾ ਹੁੰਦੀਆਂ ਹੀ ਇਹ ਸਾਰੇ ਇੱਥੇ ਹੀ ਛੱਡ ਜਾਣੇ ਹਨ। ਫਿਰ ਗੁਮਾਨ ਕਿਸ ਗੱਲ ਦਾ , ਹੰਕਾਰ ਕਿਸ ਤੇ। ਗੁਰਬਾਣੀ ਗੁਰਸਿੱਖ ਦੇ ਅੰਦਰ ਵੱਸ ਰਹੇ ਹੰਕਾਰ , ਲੋਭ , ਮੋਹ , ਕ੍ਰੋਧ , ਕਾਮ ਦਾ ਨਾਸ਼ ਕਰ ਦਿੰਦੀ ਹੈ। ਪਰ ਉਸ ਗੁਰਸਿੱਖ ਨੂੰ ਇਹ ਅਵਸਥਾ ਪ੍ਰਾਪਤ ਹੁੰਦੀ ਹੈ ਜੋ ਗੁਰਬਾਣੀ ਨੂੰ ਭਲੀ ਭਾਂਤੀ ਵਿਚਾਰਦਾ ਹੈ ‘ਤੇ ਉਸ ਦੇ ਮਰਮ ਨੂੰ ਆਪਣੇ ਜੀਵਨ ਵਿੱਚ ਸੱਚ ਤੇ ਸਮਰਪਣ ਨਾਲ ਉਤਾਰਦਾ ਹੈ। ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਅਜਿਹਾ ਗੁਰਸਿੱਖ ਕੋਈ ਵਿਰਲਾ ਹੀ ਹੈ “ ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ” । ਗੁਰੂ ਅਮਰਦਾਸ ਜੀ ਨੇ ਕਿਹਾ ਕਿ ਗੁਰਬਾਣੀ ਦਾ ਚਾਨਣ ਉਸ ਦੇ ਅੰਤਰ ਨੂੰ ਪ੍ਰਕਾਸ਼ਮਾਨ ਕਰਦਾ ਹੈ ਜਿਸ ਤੇ ਆਪ ਵਾਹਿਗੁਰੂ ਮਿਹਰ ਕਰਦਾ ਹੈ

“ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ”।

ਗੁਰੂ ਨਾਨਕ ਸਾਹਿਬ ਜਾਣਦੇ ਸਨ ਕਿ ਗੁਰਬਾਣੀ ਦੇ ਮਾਰਗ ਤੇ ਚੱਲਣਾ ਔਖਾ ਹੈ। ਗੁਰਬਾਣੀ ਕਿਤੇ ਵਿਚਾਰ , ਆਚਾਰ ਦੀ ਥਾਂ ਕਰਮ ਕਾਂਡ ਨਾ ਬਣ ਜਾਏ ਇਸ ਤੋਂ ਸੁਚੇਤ ਕਰਨ ਲਈ ਗੁਰੂ ਸਾਹਿਬ ਨੇ ਸਮਕਾਲੀ ਵਿਵਹਾਰ ਦੀ ਮਿਸਾਲ ਦਿੱਤੀ।

ਵਾਚਹਿ ਪੁਸਤਕ ਵੇਦ ਪੁਰਾਨਾਂ।।
ਇਕ ਬਹਿ ਸੁਨਹਿ ਸੁਨਾਵਹਿ ਕਾਨਾਂ।।
ਅਜਗਰ ਕਪਟੁ ਕਹਹੁ ਕਿਉ ਖੁਲੈ
ਬਿਨੁ ਸਤਿਗੁਰ ਤਤੁ ਨ ਪਾਇਆ।।
(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ ੧੦੪੩)

ਲੋਗ ਧਰਮ ਗ੍ਰੰਥਿ ਪੜ੍ਹ ਰਹੇ ਹਨ। ਕੋਈ ਇੱਕ ਸੁਣਾ ਰਿਹਾ ਹੈ, ਲੋਗ ਸੁਣ ਰਹੇ ਹਨ। ਪੜ੍ਹਨ , ਸੁਣਨ ਨਾਲ ਮਨ ਅੰਦਰ ਸੱਪ ਵਾਂਗੂੰ ਕੁੰਡਲੀ ਮਾਰ ਕੇ ਬੈਠੇ ਵਿਕਾਰਾਂ ਤੋਂ ਮੁਕਤੀ ਨਹੀਂ ਹੋ ਸਕਦੀ। ਜੀਵਨ ਦੁੱਖਾਂ ਵਿੱਚ ਹੀ ਬੀਤ ਜਾਂਦਾ ਹੈ। ਗੁਰੂ ਦੇ ਗਿਆਨ ਤੋਂ ਬਿਨਾ ਜੀਵਨ ਸਾਰਥਕ ਨਹੀਂ ਹੁੰਦਾ। ਆਪਣੇ ਆਲੇ ਦੁਆਲੇ ਵੇਖੋ ਤੇ ਜਾਨਣ ਦਾ ਜਤਨ ਕਰੋ ਕਿ ਅਸੀਂ ਵੀ ਕਿਤੇ ਉੱਸੇ ਮਾਰਗ ਉੱਤੇ ਤੇ ਨਹੀਂ ਚੱਲ ਪਏ ਜਿਸ ਦਾ ਸੰਕੇਤ ਗੁਰੂ ਨਾਨਕ ਸਾਹਿਬ ਨੇ ਸੁਚੇਤ ਰਹਿਣ ਲਈ ਕੀਤਾ ਸੀ। ਬਾਣੀ ਕੰਠ ਕਰ ਲੈਣਾ ਬਾਣੀ ਦੇ ਕਥਿਤ ਸੁੱਧ ਉਚਾਰਨ ਜੋਗ ਹੋ ਜਾਣਾ , ਨਿਤਨੇਮ ਕਰਨਾ ਜੇ ਮਨ ਅੰਦਰ ਹੰਕਾਰ ਪੈਦਾ ਕਰ ਰਿਹਾ ਹੈ ਤਾਂ ਮਨ ਅੰਦਰ ਦੇ ਅਜਗਰ ਦੀ ਕੁੰਡਲੀ ਖੁੱਲਣ ਦੀ ਥਾਂ ਹੋਰ ਕੱਸਦੀ ਜਾ ਰਹੀ ਹੈ। ਗੁਰਬਾਣੀ ਦਾ ਪਾਠਨ , ਸਰਵਣ ਜੇ ਆਪਣੇ ਆਪ ਨੂੰ ਹੋਰਨਾਂ ਗੁਰਸਿੱਖਾਂ ਤੋਂ ਵੱਖ ਸ੍ਰੇਸ਼ਟ ਹੋਣ ਦਾ ਭਾਵ ਪੈਦਾ ਕਰ ਰਿਹਾ ਹੈ ਤਾਂ ਇਹ ਗੁਰੂ ਤੋਂ ਵੇਮੁਖ ਹੋਣਾ ਹੈ

“ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ”।

ਆਪਣੇ ਆਪ ਨੂੰ ਬਾਣੀ ਦਾ ਵਿਦਵਾਨ, ਹੋਰਨਾਂ ਦਾ ਉਪਦੇਸ਼ਕ ਸਮਝ ਲੈਣਾ ਮਨਮੁਖ ਹੋਣਾ ਹੈ ਮਤਿ ਤੋਂ ਵਿਹੂਣਾ ਹੋਣਾ ਹੈ। ਹੋਇਆ ਇਹ ਹੈ ਕਿ ਇਸ ਹੰਕਾਰ ਨੇ ਬਾਣੀ ਪੜ੍ਹਨ ਦਾ ਢੰਗ, ਸ਼ੁੱਧ ਬਾਣੀ-ਅਸ਼ੁੱਧ ਬਾਣੀ , ਬਾਣੀ ਦੀ ਮਰਿਆਦਾ ਆਦਿਕ ਸਵਾਲ ਚੁੱਕ ਕੇ ਪੰਥ ਅੰਦਰ ਭਾਰੀ ਭਰਮ ਪੈਦਾ ਕਰ ਦਿੱਤੇ ਹਨ। ਗੁਰੂ ਨੂੰ ਬਾਣੀ ਦੇ ਵਿਦਵਾਨ ਨਹੀਂ ਬਾਣੀ ਦੀ ਪ੍ਰੇਰਣਾ ਨਾਲ ਮਨ ਅੰਦਰ ਪੈਦਾ ਹੋਈ ਸੱਚੀ ਭਾਵਨਾ ਵਾਲੇ ਜਨ ਪਿਆਰੇ ਲੱਗਦੇ ਹਨ

“ਲਾਲੁ ਚੋਲਨਾ ਤੈ ਤਨਿ ਸੋਹਿਆ
ਸੁਰਿਜਨ ਭਾਨੀ ਤਾਂ ਮਨੁ ਮੋਹਿਆ”

ਮਨ ਅੰਦਰ ਭਾਵਨਾ ਹੈ ਤਾਂ ਹੀ ਗੁਰੂ ਪਾਰਬ੍ਰਹਮ ਦੀ ਮਿਹਰ ਹੁੰਦੀ ਹੈ

“ਤੁਮ ਹੀ ਸੁੰਦਰਿ ਤੁਮਹਿ ਸੁਹਾਗੁ।।
ਤੁਮ ਘਰਿ ਲਾਲਨੁ ਤੁਮ ਘਰਿ ਭਾਗੁ।।

ਮਨ ਅੰਦਰ ਕਿਸੇ ਵੀ ਤਰਹ ਦਾ ਹੰਕਾਰ ਹੈ ਤਾਂ ਭਟਕਣ ਬਣੀ ਰਹਿੰਦੀ ਹੈ “ ਜਬ ਇਹੁ ਮਨ ਮਹਿ ਧਰਤ ਗੁਮਾਨਾ।। ਤਬ ਇਹੁ ਬਾਵਰੁ ਫਿਰਤ ਬਿਗਾਨਾ।। “ । ਉਪਦੇਸ਼ਕ , ਪ੍ਰੇਰਕ , ਸੋਧਕ ਇੱਕ ਗੁਰੂ ਹੀ ਹੈ ਜੋ ਸਾਰੀਆਂ ਨੂੰ ਮਤਿ ਦੇ ਰਿਹਾ ਹੈ। ਗੁਰਸਿੱਖੀ ਆਪਣੇ ਆਤਮਿਕ ਵਿਕਾਸ ਦਾ ਵਿਸ਼ਾ ਹੈ। ਕਿਸੇ ਦੂਜੇ ਦੇ ਮੰਦਾ - ਚੰਗਾ ਹੋਣ ਦਾ ਨਿਰਣਾ ਸੱਚਾ ਗੁਰਸਿੱਖ ਨਹੀਂ ਕਰਦਾ “ ਜਬ ਕਿਸ ਕਉ ਇਹੁ ਜਾਨਸਿ ਮੰਦਾ।। ਤਬ ਸਗਲੇ ਇਸੁ ਮੇਲਹਿ ਫੰਦਾ।। “ । ਗੁਰਬਾਣੀ ਗੁਰੂ ਨੇ ਗੁਰਸਿੱਖ ਲਈ ਉਚਾਰੀ ਹੈ। ਇਹ ਗੁਰੂ ਤੇ ਸਿੱਖ ਦੇ ਵਿਚਕਾਰ ਦਾ ਸੰਦਰਭ ਹੈ। ਇਸ ਵਿੱਚ ਵਿਦਵਤਾ ਦੇ ਨਾਂ ਤੇ ਹੀ ਸਹੀਂ ਕਿਸੇ ਤੀਜੇ ਦਾ ਦਖਲ ਗੁਰੂ ਤੇ ਸਿੱਖ ਦੇ ਸਬੰਧ ਵਿੱਚ ਅੜਿੱਕਾ ਬਣਨਾ ਹੈ।ਇਹ ਸਮਝਣ ਦੀ ਲੋੜ ਹੈ ਕਿ ਗੁਰੂ ਆਪਣੇ ਸਿੱਖ ਨਾਲ ਕਿਹੋ ਜਿਹਾ ਪ੍ਰੇਮ ਸਬੰਧ ਰੱਖਦਾ ਹੈ।

ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।।
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।।
(ਸ੍ਰੀ ਗੁਰੂ ਗ੍ਰੰਥ ਸਾਹਿਬ , ਅੰਗ ੧੬੮)

ਜਿਵੇਂ ਮਾਤਾ ਸੰਤਾਨ ਨੂੰ ਜਨਮ ਦੇ ਕੇ ਉਸ ਦੀ ਪਿਆਰ ਨਾਲ ਸੰਭਾਲ ਕਰਦੀ ਹੈ , ਹਰ ਪਲ ਧਿਆਨ ਰੱਖਦੀ ਹੈ , ਉਸ ਨੂੰ ਅੰਦਰ ਬਾਹਰ ਪ੍ਰੇਮ ਸਹਿਤ ਭੋਜਨ ਦੇ ਕੇ ਤ੍ਰਿਪਤ ਰੱਖਦੀ ਹੈ , ਗੁਰੂ ਵੀ ਆਪਣੇ ਸਿੱਖ ਦੀ ਉਵੇਂ ਹੀ ਪ੍ਰੇਮ ਨਾਲ ਸੰਭਾਲ ਕਰਦਾ ਹੈ ਉਸ ਨੂੰ ਆਤਮਿਕ ਤ੍ਰਿਪਤੀ ਪ੍ਰਦਾਨ ਕਰਦਾ ਹੈ। ਦੂਜਿਆਂ ਨੂੰ ਗੁਰਬਾਣੀ ਸਬੰਧੀ ਉਪਦੇਸ਼ ਦੇਣ ਵਾਲੇ ਬਹੁ ਗਿਣਤੀ ਵਿੱਚ ਮਿਲ ਜਾਣਗੇ ਪਰ ਇਹ ਗੁਰੂ ਦੀ ਉਪਰੋਕਤ ਮਹਿਮਾ ਦਾ ਨਿਰਾਦਰ ਹੈ। ਸਹਿਜ ਭਾਵ ਨਾਲ ਪੜ੍ਹੀ, ਸੁਣੀ ਜਾਣ ਵਾਲੀ ਗੁਰਬਾਣੀ ਨੂੰ ਕਠਿਨ ਅਭਿਆਸ ਜਿਹਾ ਬਣਾ ਦਿੱਤਾ ਗਿਆ ਹੈ। ਆਮ ਸਿੱਖ ਅੰਦਰ ਸਤਿਕਾਰ , ਭਾਵਨਾ ਤੋਂ ਜਿਆਦਾ ਆਲੋਚਨਾ , ਨਿੰਦਾ ਦਾ ਭੈ ਪੈਦਾ ਹੋਇਆ ਹੈ।ਇਸ ਰੁਝਾਨ ਨੂੰ ਰੋਕਣ ਦੀ ਲੋੜ ਹੈ। ਗੁਰਬਾਣੀ ਪੜ੍ਹਨ , ਸੁਣਨ ਦੀ ਪ੍ਰੇਰਣਾ ਕਰਨਾ ਵੱਖ ਗੱਲ ਹੈ ਪਰ ਗੁਰਬਾਣੀ ਪੜ੍ਹਨ ਦਾ ਢੰਗ , ਮਰਿਆਦਾ ਦੱਸਣੀ , ਗੁਰਬਾਣੀ ਦੇ ਭੇਦ ਕਰਨੇ ਗੁਰਮਤਿ ਦੀ ਮੂਲ ਭਾਵਨਾ ਨਾਲ ਮੇਲ ਨਹੀਂ ਖਾਂਦੇ। ਗੁਰਬਾਣੀ ਗੁਰਸਿੱਖ ਨੂੰ ਗੁਰੂ ਦੀ ਬਖਸ਼ੀ ਅਨਮੋਲ ਦਾਤ ਹੈ। ਇਸ ਦਾਤ ਨੂੰ ਭਾਵਨਾ ਨਾਲ ਮਨ ਵਿੱਚ ਵਸਾ ਕੇ ਕੋਈ ਵੀ ਨਿਹਾਲ ਹੋ ਸਕਦਾ ਹੈ।

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ।।
ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ।।
(ਸ੍ਰੀ ਗੁਰੂ ਗ੍ਰੰਥ ਸਾਹਿਬ , ੪੪੯ )

ਗੁਰਬਾਣੀ ਪੜ੍ਹਨ , ਸਮਝਣ , ਧਾਰਨ ਕਰਨ ਲਈ ਮਨ ਅੰਦਰ ਗੁਰ ਸ਼ਬਦ ਦੀ ਪ੍ਰੀਤ ਹੋਵੇ। ਪ੍ਰੀਤ ਇੰਨੀ ਗੂੜ੍ਹੀ ਹੋਵੇ ਕਿ ਗੁਰੂ ਪ੍ਰਸੰਨ ਹੋ ਕੇ ਆਪਣੀ ਕਿਰਪਾ ਨਾਲ ਆਤਮਿਕ ਨਿਰਮਲਤਾ ਪ੍ਰਦਾਨ ਕਰ ਦੇਵੇ ‘ਤੇ ਪਰਮਾਤਮਾ ਨਾਲ ਮੇਲ ਕਰ ਦੇਵੇ। ਗੁਰੂ ਕਿਵੇਂ ਕਿਰਪਾ ਕਰੇਗਾ ਇਹ ਕੇਵਲ ਗੁਰੂ ਹੀ ਜਾਣਦਾ ਹੈ। ਗੁਰਸਿੱਖ ਗੁਰਬਾਣੀ ਸਬੰਧੀ ਪੈਦਾ ਕੀਤੇ ਭਰਮ ਤਿਆਗ ਕੇ ਪਰਮਾਤਮਾ ਦੀ ਮਿਹਰ ਦਾ ਜਾਚਕ ਬਣੇ। ਉਸ ਦੀ ਕਿਰਪਾ ਨਾਲ ਹੀ ਮਨ ਗੁਰਬਾਣੀ ਧਾਰਨ ਕਰਨ ਜੋਗ ਬਣਦਾ ਹੈ

“ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ”।

ਸਵਾਲ ਕਿਸੇ ਜਾਚ , ਕਿਸੇ ਢੰਗ ਦਾ ਨਹੀਂ ਗੁਰੂ ਦੀ ਕਿਰਪਾ ਦਾ ਹੈ ।

**ਡਾ. ਸਤਿੰਦਰ ਪਾਲ ਸਿੰਘ**

# ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਰਿਵਾਰਕ ਪਿਛੋਕੜ ਤੇ ਗ੍ਰਿਹਸਤੀ ਜੀਵਨ

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖ ਧਰਮ ਦੀ ਦੂਜੀ ਗੁਰੂ ਸ਼ਖ਼ਸੀਅਤ ਹਨ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਗੁਰੂ ਅੰਗਦ ਸਾਹਿਬ ਜੀ ਦੀ ਸ਼ਖ਼ਸੀਅਤ ਲਈ ਜੇ ਕੇਵਲ ਦੋ ਹੀ ਸ਼ਬਦ ਵਰਤਣੇ ਹੋਣ ਦਾ 'ਕੁਦਰਤੀ ਨੂਰ' ਦੇ ਲਫ਼ਜ਼ ਠੀਕ ਢੁਕਣਗੇ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਅਦ ਸਿੱਖੀ ਬੂਟੇ ਦੀ ਸਾਂਭ-ਸੰਭਾਲ ਕਰਨੀ ਕੋਈ ਸੌਖਾ ਕਾਰਜ ਨਹੀਂ ਸੀ।ਸ੍ਰੀ ਗੁਰੂ ਅੰਗਦ ਸਾਹਿਬ ਦਾ ਪ੍ਰਕਾਸ਼ ਬਾਬਾ ਫੇਰੂ ਮੱਲ ਜੀ ਦੇ ਘਰ ਤੇ ਮਾਤਾ ਦਇਆ ਕੌਰ ਜੀ ਦੀ ਕੁਖੋਂ ਮੱਤੇ ਦੀ ਸਰਾਂ ਵਿਖੇ ਮਾਰਚ 31, 1504 ਈ. ਨੂੰ ਅੰਮ੍ਰਿਤ ਵੇਲੇ ਹੋਇਆ। ਇਨ੍ਹਾਂ ਦਾ ਬਚਪਨ ਦਾ ਨਾਮ ਭਾਈ ਲਹਿਣਾ ਸੀ। ਇਸ ਬਾਰੇ 'ਗੁਰ ਪ੍ਰਣਾਲੀ' ਕ੍ਰਿਤ ਕਵੀ ਗੁਲਾਬ ਸਿੰਘ ਵਿਚ ਇਸ ਤਰ੍ਹਾਂ ਲਿਖਿਆ ਹੈ—'ਮਾਲਵੇ ਮੈਂ ਮਤੇ ਕੀ ਸਰਾਇ, ਹਰੀ ਕੇ ਗਿਰਾਉ, ਤੇਹਣ ਕੀ ਕੁਲ ਬਿਖੈ। ਇਹ ਵੀ ਸੂਰਜਬੰਸੀ ਲਛਮਣ ਦੀ ਸੰਤਾਨ ਮਧਯ ਤੇ ਹੀ ਨਿਕਸੈ ਹੈ।' ਭਾਈ ਫੇਰੂ ਮੱਲ ਦੇ ਦਾਦਕੇ ਪਿੰਡ ਮੰਗੋਵਾਲ ਦੇ ਸਨ ਜੋ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) ਦਾ ਇਕ ਵੱਡਾ ਪਿੰਡ ਸੀ ਤੇ ਗੁਜਰਾਤ ਤੋਂ 22 ਮੀਲ ਦੀ ਦੂਰੀ 'ਤੇ ਸੀ। ਮੰਗੋਵਾਲ ਤੇਹਣ ਖੱਤਰੀਆਂ ਦੇ ਬਹੁਤ ਘਰ ਸਨ। ਮੰਗੋਵਾਲ ਹੀ ਬਾਬਾ ਫੇਰੂ ਮੱਲ ਜੀ ਦੇ ਪਿਤਾ ਜੀ ਬਾਬਾ ਗੇਹਨੂੰ ਮੱਲ ਤੇ ਦਾਦਾ ਸੂਰਜ ਮੱਲ ਜੀ ਰਹਿੰਦੇ ਸਨ। ਗੇਹਨੂੰ ਮੱਲ ਜੀ ਦੇ ਚਾਰ ਲੜਕੇ ਭਾਈ ਰਾਜਾਨੀ, ਗੁਰਯਾ ਮੱਲ, ਫੇਰੂ ਮੱਲ ਤੇ ਅਰਥੀ ਮੱਲ ਸਨ। ਪੰਜਾਬ ਦਾ ਵਪਾਰ ਇਨ੍ਹਾਂ ਦੇ ਹੱਥ ਹੁੰਦਾ ਸੀ ਤੇ ਦੀਵਾਨੀ ਕੰਮਾਂ ਵਿਚ ਵੀ ਪੂਰੀ ਜਾਣਕਾਰੀ ਰੱਖਦੇ ਸਨ।ਭਾਈ ਫੇਰੂ ਮੱਲ ਜੀ ਦੇ ਨਾਨਕੇ ਮੱਤੇ ਦੀ ਸਰਾਂ ਦੇ ਸਨ। ਇਹ ਪਿੰਡ, ਮੁਕਤਸਰ ਤੋਂ 9 ਕੁ ਮੀਲ ਉੱਤਰ-ਪੂਰਬ ਵੱਲ ਮੌਜੂਦਾ ਜ਼ਿਲ੍ਹਾ ਮੁਕਤਸਰ ਵਿਚ ਸੀ। ਬਾਬਰ ਦੇ ਹਮਲੇ ਸਮੇਂ ਹਮਲਾਵਰਾਂ ਨੇ ਇਸ ਸਥਾਨ ਨੂੰ ਢਹਿ-ਢੇਰੀ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਇਕ ਨਾਂਗੇ ਸਾਧੂ ਨੇ ਇਸ ਨੂੰ ਮੁੜ ਆਬਾਦ ਕੀਤਾ ਤੇ ਇਹ ਸਰਾਏ ਨਾਂਗਾਂ ਵਜੋਂ ਪ੍ਰਸਿੱਧ ਹੋ ਗਿਆ। ਭਾਈ ਫੇਰੂ ਮੱਲ ਜੀ ਨੂੰ ਨਾਨਕੇ ਮੱਤੇ ਦੀ ਸਰਾਂ ਲੈ ਆਏ ਤੇ ਪੜ੍ਹਾਈ-ਲਿਖਾਈ ਵੀ ਉਥੇ ਹੀ ਕਰਵਾਈ। ਪਹਿਲੀ ਉਦਾਸੀ ਦੌਰਾਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਮੱਤੇ ਕੀ ਸਰਾਂ ਵਿਖੇ ਚਰਨ ਪਾਏ ਤੇ ਉਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਵੀ ਸਸ਼ੋਭਿਤ ਹੈ।ਬਾਬਾ ਫੇਰੂ ਜੀ ਹਿਸਾਬ-ਕਿਤਾਬ ਵਿਚ ਵੀ ਬਹੁਤ ਨਿਪੁੰਨ ਸਨ ਤੇ ਫ਼ਾਰਸੀ ਦਾ ਗਿਆਨ ਵੀ ਰੱਖਦੇ ਸਨ। ਭਾਈ ਫੇਰੂ ਜੀ ਵਪਾਰ ਵੀ ਕਰਦੇ ਤੇ ਸ਼ਾਹੂਕਾਰਾ ਵੀ। ਦਾਨ-ਪੁੰਨ ਦਾ ਸੁਭਾਅ ਹੋਣ ਕਰਕੇ ਸਾਧਾਂ-ਸੰਤਾਂ ਦੀ ਵੀ ਬਹੁਤ ਸੇਵਾ ਕਰਦੇ ਸਨ । ਪਰ ਅਚਾਨਕ ਵਪਾਰ ਵਿਚ ਬਹੁਤ ਘਾਟਾਪੈਣ ਕਰਕੇ ਤਖਤ ਮੱਲ ਜੋ ਫ਼ਿਰੋਜ਼ਪੁਰ ਦੇ ਹਾਕਮ ਦਾ ਖ਼ਜ਼ਾਨਚੀ ਸੀ, ਉਸ ਕੋਲ ਨੌਕਰੀ ਕਰ ਲਈ। ਤਖਤ ਮੱਲ ਕੋਲ ਸੱਠਾਂ ਸੱਤਰਾਂ ਪਿੰਡਾਂ ਦੀ ਜਗੀਰ ਸੀ, ਉਹ ਆਪਣਾ ਕੰਮ ਬਹੁਤ ਇਮਾਨਦਾਰੀ ਨਾਲ ਕਰਦੇ ਸਨ। ਕਦੀ ਵੀ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਾ ਦਿੰਦੇ। ਸਾਰੇ ਹੀ ਉਨ੍ਹਾਂ ਦੇ ਕੰਮ 'ਤੇ ਖ਼ੁਸ਼ ਸਨ।ਤਖਤ ਮੱਲ ਦੇ ਸੱਤ ਪੁੱਤਰ ਸਨ ਤੇ ਇਕ ਧੀ ਸੀ। ਸੱਤਾਂ ਭਰਾਵਾਂ ਦੀ ਇਕ ਭੈਣ ਹੋਣ ਕਰਕੇ ਉਸ ਦਾ ਨਾਮ ਸਤ ਭਰਾਈ ਸੀ। ਜੋ ਬੋਲ-ਚਾਲ 'ਚ ਵਿਰਾਈ ਹੋ ਗਿਆ। ਵਿਰਾਈ ਫੇਰੂ ਮੱਲ ਦੀ ਮੂੰਹ ਬੋਲੀ ਭੈਣ ਬਣ ਗਈ ਜੋ ਸੁਭਾਅ ਦੀ ਚੰਗੀ, ਮਿੱਠ ਬੋਲੜੀ ਤੇ ਸ਼ਰਮ ਦੀ ਮੂਰਤ ਸੀ।ਬਾਬਾ ਤਖਤ ਮੱਲ ਨੇ ਬਾਬਾ ਫੇਰੂ ਜੀ 'ਤੇ ਇਕ ਵਾਰ ਹਿਸਾਬ-ਕਿਤਾਬ ਵਿਚ ਹੇਰਾਫੇਰੀ ਦਾ ਦੋਸ਼ ਲਗਾ ਦਿੱਤਾ। ਤਖਤ ਮੱਲ ਨੇ ਬਾਬਾ ਫੇਰੂ ਨੂੰ ਕੈਦ ਕਰ ਲਿਆ। ਜਦੋਂ ਇਸ ਗੱਲ ਦਾ ਵਿਰਾਈ ਨੂੰ ਪਤਾ ਲੱਗਾ ਤਾਂ ਉਸ ਨੇ ਪਿਤਾ ਨੂੰ ਮੁੜ ਹਿਸਾਬ-ਕਿਤਾਬ ਕਰਨ ਲਈ ਕਿਹਾ ਜਦੋਂ ਦੁਬਾਰਾ ਹਿਸਾਬ-ਕਿਤਾਬ ਕੀਤਾ ਗਿਆ ਤਾਂ ਗਲਤੀ ਪਕੜੀ ਗਈ। ਫਿਰ ਇਥੋਂ ਕਾਰੋਬਾਰ ਛੱਡ ਹਰੀਕੇ ਆ ਗਏ ਤੇ ਇਥੇ ਹੀ ਦੁਕਾਨ ਪਾ ਕੇ ਬੈਠ ਗਏ।ਬਾਬਾ ਫੇਰੂ ਮੱਲ ਜੀ ਆਪ ਚੰਗੇ ਪੜ੍ਹੇ-ਲਿਖੇ ਹੋਣ ਕਰਕੇ ਵਿਦਿਆ ਦੇ ਮਾਹਿਰ ਹੋਣ ਕਰਕੇ ਭਾਈ ਲਹਿਣਾ ਜੀ ਦੀ ਪੜ੍ਹਾਈ ਦਾ ਵੀ ਉਚਿਤ ਪ੍ਰਬੰਧ ਕੀਤਾ। ਇਹ ਆਪਣੇ ਮਾਤਾ-ਪਿਤਾ ਦੇ ਲਾਡਲੇ ਪੁੱਤਰ ਸਨ। ਗੁਰਬਾਣੀ ਵਿਚ ਭੱਟਾਂ ਨੇ ਵੀ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਪਮਾ ਇਸ ਤਰ੍ਹਾਂ ਕੀਤੀ ਹੈ ਕਿ ਫੇਰੂ ਦਾ ਸ਼ੀਂਹ ਵਰਗਾ ਪੁੱਤਰ ਭਾਈ ਲਹਿਣਾ, ਜਗਤ ਗੁਰੂ ਅੰਗਦ ਹੋ ਕੇ ਰਾਜ ਜੋਗ ਮਾਣਦਾ ਹੈ:ਗੁਰੂ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ।।ਧਰਮ ਕਰਮ ਵਿਚ ਵੀ ਭਾਈ ਲਹਿਣਾ ਜੀ ਸਭ ਤੋਂ ਅੱਗੇ ਹੋ ਕੇ ਹਿੱਸਾ ਲੈਂਦੇ। ਗਿਆਨੀ ਗਿਆਨ ਸਿੰਘ ਦਾ ਕਹਿਣਾ ਹੈ ਕਿ ਇਮਾਨਦਾਰੀ ਕਰਕੇ ਭਾਈ ਫੇਰੂ ਜੀ ਦਾ ਵਪਾਰ ਬਹੁਤ ਵਧ ਗਿਆ। ਇਹ ਬਰਕਤਾਂ ਭਾਈ ਲਹਿਣਾ ਜੀ ਦੀਆਂ ਹੀ ਸਨ:"ਅਲਪ ਕਾਲ ਮੈ ਬਹੁਤ ਬਯਾਪਾਰੁ"ਭਾਈ ਲਹਿਣਾ ਜੀ ਉਸ ਵੇਲੇ 20 ਕੁ ਸਾਲ ਦੇ ਨੌਜਵਾਨ ਸਨ, ਜਦੋਂ ਉਨ੍ਹਾਂ ਨੇ ਆਪਣੇ ਪਿਤਾ ਨਾਲ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ। ਮਿੱਠਬੋਲੜੇ ਤੇ ਸੱਚੇ ਵਪਾਰੀ ਰੁਚੀਆਂ ਦੇ ਹੋਣ ਕਾਰਨ ਇਨ੍ਹਾਂ ਦਾ ਵਪਾਰ ਚੰਗਾ ਤੁਰ ਪਿਆ।ਮਾਈ ਵਿਰਾਈ ਜੀ ਨਾਲ ਲਹਿਣਾ ਜੀ ਦਾ ਬੜਾ ਪਿਆਰ ਸਨੇਹ ਸੀ। ਮਾਈ ਵਿਰਾਈ ਜੀ ਨੇ ਸੰਘਰ ਦੇ ਸ਼ਾਹੂਕਾਰ ਦੇਵੀ ਚੰਦ ਮਰਵਾਹ ਖੱਤਰੀ ਦੀ ਪੁੱਤਰੀ ਬੀਬੀ ਖੀਵੀ ਜੀ ਨਾਲ ਆਪ ਦਾ ਰਿਸ਼ਤਾ ਕਰਵਾ ਦਿੱਤਾ। ਬੀਬੀ ਖੀਵੀ ਜੀ ਦਾ ਜਨਮ ਸੰਮਤ 1560 (1503 ਈ.) ਦੇ ਲਗਭਗ ਪਿੰਡ ਸੰਘਰ ਕੋਟ ਵਿਚ ਹੋਇਆ। ਭਾਈ ਦੇਵੀ ਚੰਦ ਜੀ ਵਪਾਰ ਤੇ ਦੁਕਾਨ ਦਾ ਕੰਮ ਬੜੀ ਲਗਨ ਨਾਲ ਕਰਦੇ ਸਨ, ਓਧਰ ਬਾਬਾ ਫੇਰੂ ਜੀ ਵੀ ਵਪਾਰੀ ਸਨ । ਬਾਬਾ ਫੇਰੂ ਜੀ ਕਦੀ ਹਰੀਕੇ ਪੱਤਣ ਆ ਕੇ ਵਪਾਰ ਦਾ ਕੰਮ ਕਰਦੇ ਰਹੇ ਤੇ ਫਿਰ ਖਡੂਰ ਸਾਹਿਬ ਆ ਕੇ ਕਾਰੋਬਾਰ ਸ਼ੁਰੂ ਕੀਤਾ। ਭਾਈਦੇਵੀ ਚੰਦ ਤੇ ਬਾਬਾ ਫੇਰੂ ਮੱਲ ਨੇ ਭਾਈ ਲਹਿਣਾ ਜੀ ਤੇ ਬੀਬੀ ਖੀਵੀ ਜੀ ਦੇ ਵਿਆਹ ਦੀ ਤਾਰੀਖ਼ 16 ਮਾਘ ਸੰਮਤ 1576 (1519 ਈ.) ਨਿਸ਼ਚਿਤ ਕੀਤੀ ਤੇ ਵਿਆਹ ਕਰ ਦਿੱਤਾ।ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।।ਉਪਰੋਕਤ ਮਹਾਂਵਾਕ ਅਨੁਸਾਰ ਭਾਈ ਲਹਿਣਾ ਜੀ ਵੀ ਆਪਣੇ ਪਿਤਾ ਵਾਂਗ ਕੱਟੜ ਦੇਵੀਭਗਤ ਸਨ ਤੇ ਹਰ ਸਾਲ ਸੰਗ ਲੈ ਕੇ ਦੇਵੀ ਦੇ ਦਰਸ਼ਨ ਕਰਨ ਜਾਂਦੇ ਸਨ। ਪਹਿਲਾਂ ਭਾਈ ਫੇਰੂਜੀ ਜਥੇ ਦੇ ਆਗੂ ਹੁੰਦੇ ਸਨ। ਇਕ ਵਾਰੀ ਜਵਾਲਾ ਮੁਖੀ ਦੇ ਦਰਸ਼ਨ ਕਰਦਿਆਂ ਵਾਪਸੀਮੁੜਦਿਆਂ ਭਾਈ ਫੇਰੂ ਜੀ ਦਾ ਸਰੀਰ ਢਿੱਲਾ ਪੈ ਗਿਆ ਤੇ ਸੰਨ 1526 (ਸੰਮਤ 1583) ਵਿਚਸੰਘਰ ਵਿਖੇ ਹੀ ਚਲਾਣਾ ਕਰ ਗਏ। ਘਰ ਦੀ ਸਾਰੀ ਜ਼ਿੰਮੇਵਾਰੀ ਭਾਈ ਲਹਿਣਾ 'ਤੇ ਆਣ ਪਈ।ਬਾਬਾ ਫੇਰੂ ਜੀ ਦੇ ਚਲਾਣੇ ਮਗਰੋਂ ਉਹ ਜਥੇ ਦੇ ਆਗੂ ਬਣ ਕੇ ਦੇਵੀ ਦਰਸ਼ਨਾਂ ਨੂੰ ਜਾਣ ਲੱਗੇ। ਆਪ ਜਦੋਂ ਕੰਮ ਤੋਂ ਵਿਹਲੇ ਹੁੰਦੇ ਤਾਂ ਦੇਵੀ ਦੀਆਂ ਭੇਟਾਂ ਉੱਚੀ-ਉੱਚੀ ਗਾਉਂਦੇ। ਆਪ ਧਾਰਮਿਕ ਸਾਹਿਤ ਦੇ ਰਸੀਏ ਵੀ ਅਵੱਸ਼ ਸਨ। ਇਸ ਲਈ ਉੱਤਮ ਬਾਣੀ ਦੀ ਪਰਖ ਤੋਂ ਵੀ ਜਾਣੂ ਸਨ।ਪਿਤਾ ਜੀ ਦੇ ਚਲਾਣੇ ਤੋਂ ਉਪਰੰਤ ਭਾਈ ਲਹਿਣਾ ਜੀ ਨੇ ਸੰਘਰ ਨੂੰ ਛੱਡ ਕੇ ਖਡੂਰ ਵਿਖੇ ਹੱਟੀ ਪਾ ਲਈ ਤੇ ਨਾਲ ਹੀ ਸ਼ਾਹੂਕਾਰਾ ਵੀ ਕਰਨ ਲੱਗ ਪਏ। ਇਨ੍ਹਾਂ ਦਿਨਾਂ ਵਿਚ ਵਪਾਰ ਚੰਗਾ ਹੋਣ ਕਰਕੇ ਤੇ ਇਲਾਕੇ ਵਿਚ ਚੰਗਾ ਰਸੂਖ ਹੋਣ ਕਰਕੇ ਆਪ ਦਾ ਤੇਜ ਪ੍ਰਤਾਪ ਵੱਧ ਗਿਆ। ਜਿਧਰ ਕਿਧਰੇ ਵੀ ਕੋਈ ਝਗੜਾ ਹੁੰਦਾ, ਆਪ ਹੀ ਫੈਸਲਾ ਕਰਵਾਉਂਦੇ। ਗਿਆਨੀ ਗਿਆਨ ਸਿੰਘ ਅਨੁਸਾਰ:ਜੋ ਪਰੈ ਝਗਰਾ ਸਾਕਤੋ ਮੈ ਸਹੀ ਸੋਇ ਨਿਬੇਰ ਹੈ।ਇਸ ਸਮੇਂ ਦੌਰਾਨ ਹੀ ਆਪ ਜੀ ਦੇ ਘਰ ਦੋ ਪੁੱਤਰ ਬਾਬਾ ਦਾਸੂ ਜੀ ਜਿਨ੍ਹਾਂ ਦਾ ਜਨਮ ਸੰਮਤ 1581 (ਅਗਸਤ 1524 ਈ.) ਨੂੰ ਸੰਘਰ ਹੋਇਆ ਤੇ ਬਾਬਾ ਦਾਤੂ ਜੀ ਜਿਨ੍ਹਾਂ ਦਾ ਜਨਮ ਸੰਮਤ 1584 (ਸੰਨ 1527) ਨੂੰ ਖਡੂਰ ਸਾਹਿਬ ਵਿਖੇ ਹੋਇਆ ਤੇ ਦੋ ਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਸਨ।ਆਪ 'ਤੇ ਅਪਾਰ ਕਿਰਪਾ ਉਸ ਸਮੇਂ ਹੋਈ ਜਦੋਂ ਆਪ ਸੰਮਤ 1588-89 (1531-32 ਈ.) ਵਿਚ ਅੰਮ੍ਰਿਤ ਵੇਲੇ ਇਕ ਸਵੇਰ ਪਿੰਡ ਸੰਘਰ ਦੇ ਟੋਬੇ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਉਥੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਇਕ ਸਿੱਖ ਭਾਈ ਜੋਧ ਜੀ ਦੇ ਦਰਸ਼ਨ ਹੋਏ ਸਮਝੋ ਕਿ ਆਪ ਦੇ ਭਾਗ ਜਾਗ ਪਏ। ਸਿੱਖ ਇਤਿਹਾਸ ਵਿਚ ਜ਼ਿਕਰ ਹੈ ਕਿ ਭਾਈ ਜੋਧ ਜੀ ਉਸ ਦਿਨ ਆਸਾ ਦੀ ਵਾਰ ਦੀ 21ਵੀਂ ਪਉੜੀਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ।।ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ।।ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।।ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ।।ਕਿਛੁ ਲਾਹੇ ਉਪਰਿ ਘਾਲੀਐ ।।(ਅੰਗ ੪੭੪)ਦਾ ਪਾਠ ਕਰਦੇ ਜਾ ਰਹੇ ਸਨ ਭਾਵ ਕਿ ਜਿਸ ਪਰਮਾਤਮਾ ਦੀ ਸੇਵਾ ਨਾਲ ਸਾਰੇ ਸੁਖ ਮਿਲਦੇ ਹਨ। ਉਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਜਦ ਇਹ ਪਤਾ ਹੈ ਕਿ ਆਪਣਾ ਕੀਤਾ ਪਾਉਣਾ ਹੈ। ਤਾਂ ਫਿਰ ਗ਼ਲਤ ਕੰਮ ਕਿਉਂ ਕੀਤੇ ਜਾਣ। ਜੀਵਨ ਉਸੇ ਦਾ ਚੰਗਾ ਹੈ ਜੋ ਮੰਦੇ ਕੰਮ ਨਹੀਂ ਕਰਦਾ। ਲੰਮੀ ਨਜ਼ਰ ਵਾਲਾ ਮਨੁੱਖ ਚੰਗੇ-ਮੰਦੇ ਦੀ ਵਿਚਾਰ ਨੂੰ ਜਾਣ ਜਾਂਦਾ ਹੈ ਤੇ ਮੰਦੇ ਕੰਮਾਂ ਵਿਚ ਨਹੀਂ ਪੈਂਦਾ । ਸਦਾ ਲਾਭ ਵਾਲਾ ਕੰਮ ਕਰਨਾ ਚਾਹੀਦਾ ਹੈ ਤੇ ਲਾਭ ਵਾਲਾ ਕੰਮ ਹੈ, ਪ੍ਰਭੂ ਨੂੰ ਯਾਦ ਰੱਖਣਾ।ਇਸ ਇਲਾਹੀ ਬਾਣੀ ਨੇ ਭਾਈ ਲਹਿਣਾ ਜੀ ਦੀ ਸੋਚ ਨੂੰ ਅਜਿਹਾ ਬਦਲਿਆ ਕਿ ਉਹ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਲਈ ਉਤਾਵਲੇ ਹੋ ਗਏ ਤੇ ਭਾਈ ਜੋਧ ਜੀ ਅੱਗੇ ਸ੍ਰੀ ਗੁਰੂ ਨਾਨਕ ਸਾਹਿਬ ਕੋਲ ਜਾਣ ਲਈ ਜੋਦੜੀਆਂ ਕਰਨ ਲੱਗੇ। ਮਿਲਣ ਦੀ ਤਾਂਘ ਬਹੁਤ ਪ੍ਰਬਲ ਹੋ ਗਈ ਤੇ ਉਸ ਦਿਨ ਦੀ ਉਡੀਕ ਕਰਨ ਲੱਗ ਪਏ ਕਿ ਕਦੋਂ ਜੁਆਲਾ ਮੁਖੀ ਜਾਈਏ ਤੇ ਕਰਤਾਰਪੁਰ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕਰੀਏ। ਜਦੋਂ ਰਾਵੀ ਪਾਰ ਕੀਤੀ ਤਾਂ ਸੰਗਤਾਂ ਨੂੰ ਕਿਹਾ ਕਿ ਤੁਸੀਂ ਰੁਕੋ, ਮੈਂ ਘੋੜੀ 'ਤੇ ਜਾ ਕੇ ਦਰਸ਼ਨ ਕਰਕੇ ਆ ਰਿਹਾ ਹਾਂ? 'ਮਹਿਮਾ ਪ੍ਰਕਾਸ਼' ਅਨੁਸਾਰ ਰਸਤੇ ਵਿਚ ਹੀ ਮੇਲ ਹੋ ਗਿਆ। ਘੋੜੀ ਰੋਕ ਕੇ ਭਾਈ ਲਹਿਣਾ ਜੀ ਨੇ ਸ੍ਰੀ ਗੁਰੂ ਨਾਨਕਸਾਹਿਬ ਦੇ ਘਰ ਦਾ ਰਾਹ, ਬਾਬੇ ਨਾਨਕ ਤੋਂ ਹੀ ਪੁੱਛਿਆ ਕਿਹਾ:ਤਪੇ ਕੇ ਦਰਸ਼ਨ ਕੋ ਜਾਣਾ ਹੈ, ਕਿਹੜੇ ਰਾਹ ਜਾਈਏ?ਗੁਰੂ ਸਾਹਿਬ ਨੇ ਕਿਹਾ-ਪੁਰਖਾ! ਮੇਰੇ ਪਿੱਛੇ ਘੋੜੀ ਲਈ ਆਉ। ਮੈਂ ਤੈਨੂੰ ਬਾਬੇ ਦੇ ਘਰ ਲੈ ਚਲਦਾ ਹਾਂ। ਜਦੋਂ ਧਰਮਸ਼ਾਲ ਪਹੁੰਚੇ ਤਾਂ ਲਹਿਣਾ ਨੂੰ ਕਿਹਾ ਕਿ ਘੋੜੀ ਬੰਨ੍ਹ ਕੇ ਅੰਦਰ ਆ ਜਾਉ। ਅੰਦਰ ਕੀਰਤਨ ਹੋ ਰਿਹਾ ਸੀ, ਗੁਰੂ ਚਰਨਾਂ ਵਿਚ ਸੀਸ ਨਿਵਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਥੇ 'ਤੇ ਹੱਥ ਰੱਖ ਕੇ ਅਸੀਸ ਦਿੱਤੀ। ਭੱਟ ਕਲ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮੱਥੇ 'ਤੇ ਹੱਥ ਰੱਖਿਆ ਤਾਂ ਹਿਰਦੇ ਵਿਚ ਨਾਮ ਦੀਛਹਿਬਰ ਲੱਗ ਗਈ:ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ।। ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ।।(ਅੰਗ ੧੩੯੧)ਜਦੋਂ ਸਿਰ ਚੁਕਿਆ ਤਾਂ ਸਾਹਮਣੇ ਉਹੀ ਮਹਾਂਪੁਰਸ਼ ਸਨ ਜੋ ਘੋੜੀ ਦੀ ਲਗਾਮ ਪਕੜ ਕੇ ਲਿਆਏ ਸਨ ਤਾਂ ਬੜੀ ਸ਼ਰਮਿੰਦਗੀ ਮਹਿਸੂਸ ਕੀਤੀ । ਜਦੋਂ ਗੁਰੂ ਨਾਨਕ ਸਾਹਿਬ ਨੇ ਨਾਂ ਪੁੱਛਿਆ ਤਾਂ ਉੱਤਰ ਮਿਲਿਆ 'ਲਹਿਣਾ' ਤਾਂ ਗੁਰੂ ਜੀ ਹੱਸ ਪਏ ਤੇ ਕਹਿਣ ਲੱਗੇ 'ਵਾਹ ਵਾਹ ਪੁਰਖਾ! ਵਾਹ ਵਾਹ ਵਾਹ, ਕਰਤਾਰ ਨੇ ਤੈਨੂੰ ਬਖ਼ਸ਼ਿਆ ਹੈ, ਡਰ ਨਾ। ਤੂੰ ਲਹਿਣਾ ਹੈ ਤੇ ਅਸੀਂ ਦੇਣਾ ਹੈ, ਚੰਗਾ ਹੈ ਜੇ ਆਪਣਾ ਲੈਣਾ ਆਪ ਹੀ ਲੈਣ ਆ ਗਿਆ ਹੈਂ, ਲਹਿਣੇਦਾਰ ਸਦਾ ਆਪਣੇ ਦੇਣਦਾਰਾਂ ਦੇ ਘਰੀਂ ਘੋੜੀ 'ਤੇ ਚੜ੍ਹ ਕੇ ਹੀ ਆਉਂਦੇ ਹਨ, ਤੂੰ ਕੋਈ ਅਨੋਖੀ ਗੱਲ ਨਹੀਂ ਕੀਤੀ।'ਭਾਈ ਲਹਿਣਾ ਜੀ ਦਾ ਮਨ ਕੀਰਤਨ ਸੁਣ ਕੇ ਉਥੇ ਹੀ ਟਿਕ ਗਿਆ। ਸੰਗਤਾਂ ਨੇ ਗੁੱਸਾ ਮਨਾਇਆ। ਸਰਾਪਾਂ ਦੇ ਡਰ ਦਿੱਤੇ ਪਰ ਆਪ ਨੇ ਕਿਹਾ ਹੁਣ ਮੈਨੂੰ ਮੇਰੀ ਮੰਜ਼ਿਲ ਮਿਲ ਗਈ ਹੈ ਤੇ ਭਟਕਣਾ ਖ਼ਤਮ ਹੋ ਗਈ ਹੈ।ਭਾਈ ਲਹਿਣਾ ਦੀ ਆਉ-ਭਗਤੀ ਤੇ ਰੋਜ਼ ਵਧਦਾ ਪਿਆਰ ਦੇਖ ਕੇ ਗੁਰੂ ਸਾਹਿਬ ਨੇ ਕਿਹਾ ਕਿ ਇਕ ਵਾਰ ਘਰ ਜਾ ਕੇ ਆਪਣਾ ਕਾਰ-ਵਿਹਾਰ ਨਿਬੇੜ ਆਉ। ਇਹ ਸੁਣ ਕੇ ਭਾਈ ਲਹਿਣਾ ਜੀ ਖਡੂਰ ਸਾਹਿਬ ਆ ਗਏ ਤੇ ਸਾਰੀ ਗੱਲਬਾਤ ਧਰਮ ਪਤਨੀ ਨੂੰ ਸੁਣਾਈ ਤੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਲੋਕ-ਪ੍ਰਲੋਕ ਦੇ ਦਾਤਾ ਹਨ, ਉਨ੍ਹਾਂ ਦੇ ਦਰਸ਼ਨ ਨਾਲ ਮੈਂ ਆਤਮਕ ਪਲਟਾ ਖਾਧਾ ਹੈ ਤੇ ਮੈਂ ਹੁਣ ਫੈਸਲਾ ਕਰ ਲਿਆ ਹੈ ਕਿ ਹੁਣ ਉਥੇ ਹੀ ਰਹਾਂਗਾ।ਮਾਤਾ ਖੀਵੀ ਜੀ ਬਹੁਤ ਨੇਕ ਇਸਤਰੀ ਸਨ ਤੇ ਭਾਈ ਲਹਿਣਾ ਜੀ ਦੀ ਹਰੇਕ ਗੱਲ ਖਿੜੇ-ਮੱਥੇ ਪ੍ਰਵਾਨ ਕੀਤੀ ਤੇ ਆਪ ਵੀ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ । ਘਰ ਆ ਕੇ ਕੰਮ-ਕਾਜ ਦੇਖਿਆ। ਵੱਡੇ ਪੁੱਤਰ ਬਾਬਾ ਦਾਸੂ ਜੀ ਨੂੰ ਹੱਟੀ 'ਤੇ ਬਿਠਾ ਦਿੱਤਾ ਤੇ ਭਰੋਸੇ ਵਾਲਿਆਂ ਨੌਕਰਾਂ ਨੂੰ ਸ਼ਾਹੂਕਾਰੇ ਦੀ ਸੌਂਪਣੀ ਕੀਤੀ। ਭਣੇਵੇਂ ਨੂੰ ਲੈਣ-ਦੇਣ ਦੱਸ ਦਿੱਤਾ ਤੇ ਆਪਣੇ ਪੁੱਤਰਾਂ ਨੂੰ ਕਿਹਾ ਕਿ ਜੋ ਕੁਝ ਹੱਟੀ ਵਿਚੋਂ ਮੁਨਾਫ਼ਾ ਮਿਲੇ ਉਸ ਵਿਚੋਂ ਹੀ ਗੁਜ਼ਾਰਾ ਕਰਨਾ ਹੈ ਤੇ ਆਪ ਵੀ ਪਹਿਲਾਂ ਆਪਣੇ ਗੁਜ਼ਾਰੇ ਲਈ ਮੁੰਜ ਵੱਟਣ ਦਾ ਕੰਮ ਕਰਦੇ ਸਨ। ਦੂਜੇ ਪਾਸੇ ਖਾਣਾ ਘਰੋਂ ਬਣਾ ਕੇ ਮਾਤਾ ਖੀਵੀ ਜੀ ਭੇਜਦੇ। ਭੇਟਾ ਨੂੰ ਨਿੰਜ ਦੀ ਵਰਤੋਂ ਲਈ ਨਹੀਂ ਵਰਤਦੇ ਸਨ। ਉਹ ਕਹਿੰਦੇ ਸਨ ਕਿ 'ਤੁਮ ਆਪਣੀ ਮੁਆਸ (ਗੁਜ਼ਾਰਾ) ਦੁਕਾਨਦਾਰੀ ਜਾਂ ਕਾਸ਼ਤਕਾਰੀ ਸੇ ਹਾਸਿਲ ਕਰੋ। ਯਹਿ ਪੂਜਾ ਦਾ ਮਾਲ ਤੁਮਾਰੇ ਲਈ ਜ਼ਹਿਰ ਹੈ।'ਗੁਰੂ ਨਾਨਕ ਸਾਹਿਬ ਨੇ ਗ੍ਰਿਹਸਤ ਜੀਵਨ ਨੂੰ ਮਹਾਨਤਾ ਦਿੱਤੀ ਹੈ। ਭਾਈ ਗੁਰਦਾਸ ਜੀ ਨੇ ਵੀ ਕਿਹਾ ਹੈ, 'ਸਕਲ ਧਰਮ ਮੇ ਗ੍ਰਿਹਸਥ ਪ੍ਰਧਾਨ ਹੈ' (ਕਬਿੱਤ 376)। ਗੁਰੂ ਨਾਨਕ ਮਾਰਗ 'ਤੇ ਚੱਲਦਿਆਂ ਗੁਰੂ ਅੰਗਦ ਸਾਹਿਬ ਨੇ ਵੀ ਆਤਮਿਕ ਉੱਨਤੀ ਦੇ ਨਾਲ ਗ੍ਰਿਹਸਤੀ ਜੀਵਨ ਵੱਲ ਵੀ ਪੂਰਾ ਧਿਆਨ ਦਿੱਤਾ। ਇਧਰ ਬੀਬੀ ਅਮਰੋ ਜੀ ਵੀ ਸਿਆਣੀ ਉਮਰ ਦੇ ਹੋ ਗਏ ਸਨ, ਰਿਸ਼ਤੇ ਆਉਣ ਲੱਗ ਪਏ। ਆਪ ਨੇ ਬੀਬੀ ਅਮਰੋ ਜੀ ਦੀ ਕੁੜਮਾਈ ਬਾਸਰਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਸਭ ਤੋਂ ਛੋਟੇ ਭਰਾ ਭਾਈ ਮਾਣਕ ਚੰਦ ਦੇ ਪੁੱਤਰ ਬਾਬਾ ਜਸੂ ਨਾਲ ਕਰ ਦਿੱਤੀ । ਬਾਬਾ ਜਸੂ ਦੇ ਦਾਦਾ ਤੇਜ ਭਾਨ ਵੀ ਉੱਘੇ ਵਪਾਰੀ ਸਨ। ਬੀਬੀ ਅਮਰੋ ਨੂੰ ਵੀ ਬਹੁਤ ਬਾਣੀ ਕੰਠ ਸੀ, ਜਦੋਂ ਭਾਈ ਲਹਿਣਾ ਜੀ ਕਰਤਾਰਪੁਰ ਤੋਂ ਘਰ ਟਿਕਦੇ ਤਾਂ ਬੱਚੀਆਂ ਨੂੰ ਬਾਣੀ ਕੰਠ ਕਰਾਉਂਦੇ। ਇਸੇ ਬੀਬੀ ਅਮਰੋ ਜੀ ਤੋਂ ਬਾਣੀ ਸੁਣ ਕੇ ਬਾਬਾ ਅਮਰਦਾਸ ਜੀ ਗੁਰੂ ਚਰਨਾਂ ਦੇ ਭੌਰੇ ਬਣੇ ਸਨ।ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਕੋਲ ਸੰਨ 1539 ਤਕ ਲਗਭਗ 7 ਸਾਲ ਤਕ ਰਹੇ। ਇਨ੍ਹਾਂ ਸੱਤਾਂ ਸਾਲਾਂ ਵਿਚ ਉਨ੍ਹਾਂ ਨੇ ਕਠਿਨ ਪ੍ਰੀਖਿਆਵਾਂ ਪਾਸ ਕੀਤੀਆਂ। ਆਪ ਅਡੋਲ ਰਹੇ ਤੇ ਹਰੇਕ ਪ੍ਰੀਖਿਆ ਵਿਚ ਪਾਸ ਹੁੰਦੇ ਰਹੇ।ਇਸ ਤਰ੍ਹਾਂ ਗੁਰੂ ਜੀ ਦੀ ਸੇਵਾ ਕਮਾਉਂਦਿਆਂ ਤੇ ਗੁਰੂ ਜੀ ਦੇ ਪਾਏ ਗੁਰਸਿੱਖ ਜੀਵਨ ਦੇ ਪੂਰਨੇ 'ਤੇ ਤੁਰਦਿਆਂ ਤਿੰਨ ਸਾਲ ਲੰਘ ਗਏ। ਇਨ੍ਹਾਂ ਨੂੰ ਨੇੜੇ ਹੁੰਦਾ ਦੇਖ ਕੇ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਸ੍ਰੀ ਲਖਮੀ ਦਾਸ ਜੀ ਈਰਖਾ ਕਰਨ ਲੱਗ ਪਏ। ਇਸ ਲਈ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਖਡੂਰ ਸਾਹਿਬ ਭੇਜ ਦਿੱਤਾ। ਇਹ ਨਗਰ ਖਹਿਰਿਆਂ ਦੇ ਖਡੂਰ ਨਾਲ ਮਸ਼ਹੂਰ ਸੀ, ਪਰ ਗੁਰੂ ਜੀ ਕਰਕੇ ਖਡੂਰ ਸਾਹਿਬ ਕਰਕੇ ਪ੍ਰਸਿੱਧ ਹੋ ਗਿਆ, ਭਾਈ ਗੁਰਦਾਸ ਜੀ ਅਨੁਸਾਰ:ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।(ਵਾਰ ੧/੪੬)ਮਾਤਾ ਖੀਵੀ ਜੀ ਬੱਚਿਆਂ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਗਏ ਤੇ ਘਰ ਚੱਲਣ ਲਈ ਬੇਨਤੀ ਕੀਤੀ। ਗੁਰੂ ਜੀ ਘਰ ਆ ਗਏ, ਵੱਡੇ ਪੱਧਰ 'ਤੇ ਲੰਗਰ ਦਾ ਪ੍ਰਬੰਧ ਹੋਣ ਲੱਗਾ। ਮਾਤਾ ਖੀਵੀ ਜੀ ਲੰਗਰ ਦਾ ਪ੍ਰਬੰਧ ਬੜੀ ਲਗਨ ਨਾਲ ਕਰਦੇ ਸਨ। ਜਿਨ੍ਹਾਂ ਦੇ ਬਾਰੇ ਭਾਈ ਸਤੇ ਬਲਵੰਡ ਜੀ ਰਚਿਤ 'ਰਾਮਕਲੀ ਕੀ ਵਾਰ' ਵਿਚ ਵੀ ਜ਼ਿਕਰ ਆਉਂਦਾ ਹੈ:ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।। ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।।ਇਸ ਤੋਂ ਸਿੱਧ ਹੁੰਦਾ ਹੈ ਕਿ ਮਾਤਾ ਖੀਵੀ ਜੀ ਲੰਗਰ ਵਿਚ ਖੀਰ ਬਣਾ ਕੇ ਘਿਉ ਪਾ ਕੇ ਵਰਤਾਇਆ ਕਰਦੇ ਸਨ। ਮਾਤਾ ਖੀਵੀ ਜੀ ਦਾ ਦੇਹਾਂਤ ਸੰਮਤ 1639 (ਸੰਨ 1582 ਈ.) ਵਿਚ ਹੋਇਆ।ਭਾਈ ਵੀਰ ਸਿੰਘ ਜੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁਰਖਾਂ ਦੀ ਲੋੜ ਨਹੀਂ ਸੀ ਉਹ ਬਿਨਾਂ ਪਰਖੇ ਹੀ ਜਾਣ ਗਏ ਸਨ, ਪਰ ਸੰਗਤ ਨੂੰ ਵਿਦਿਤ ਕਰਨਾ ਚਾਹੁੰਦੇ ਸਨ। ਭਾਈ ਲਹਿਣਾ ਜੀ ਸਭ ਤੋਂ ਉੱਚੇ ਸਨ, ਜਾਣੀ-ਜਾਣ ਪਿਤਾ ਤੋਂ ਕੀ ਭੁਲਿਆ ਸੀ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹਰੇਕ ਪ੍ਰੀਖਿਆ ਵਿਚ ਭਾਈ ਲਹਿਣਾ ਜੀ ਖਰੇ ਉਤਰੇ:ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ।। ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ।।(ਅੰਗ ੯੬੭)ਭਾਈ ਲਹਿਣਾ ਜੀ ਦੀ ਰਹਿਣੀ, ਭਗਤੀ, ਗੁਰਮੁਖਤਾ, ਆਗਿਆ ਪਾਲਣ ਵਿਚ ਤਤਪਰਤਾ ਦੇਖ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹ 'ਅੰਗਦ" ਹੋ ਗਿਆ ਹੈ। ਅਖੀਰ ਸੰਮਤ 1596 (1539 ਈ.) ਵਿਚ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਮੱਥਾ ਟੇਕ ਕੇ ਅੰਗਦ ਬਣਾ ਕੇ ਵਡਿਆਈ ਦੇ ਪਾਤਰ ਬਣਾ ਦਿੱਤਾ। ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਨੇ ਲਗਾਇਆ। ਭਰੀ ਸੰਗਤ ਵਿਚ ਭਾਈ ਲਹਿਣਾ ਜੀ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਗੁਰੂਤਾ ਸੌਂਪੀ ਗਈ।'ਸੂਰਜ ਪ੍ਰਕਾਸ਼' ਅਨੁਸਾਰ:ਲਹਿਣੇ ਕੋ ਕਰੁਣਾ ਯੁਤ ਹੇਰਾ, ਲਿਯ ਪੰਚ ਪੈਸੇ ਇਕ ਨਹਿ ਯੇਰਾ। ਕੀਨ ਪ੍ਰਦੱਛਨ ਤੀਨ ਚੁਫੇਰੇ, ਕਰ ਤੇ ਧਰ ਕੇ ਭੇਟ ਅਗੇਰੇ ਹਥਿ ਜੋਰ ਕੇ ਸੀਸ ਨਿਵਾਯੋ, ਲਹਿਣਾ ਪਿਖਿ ਡਰਿਓ ਬਿਸਮਾਯੋ।ਭਾਈ ਗੁਰਦਾਸ ਜੀ ਨੇ ਗੁਰਗੱਦੀ ਬਾਬਤ ਇਸ ਤਰ੍ਹਾਂ ਲਿਖਿਆ ਹੈ:ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ। ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ। ਕਾਇਆ ਪਲਟਿ ਸਰੂਪੁ ਬਣਾਇਆ।।(ਵਾਰ ੧/੪੫)ਅਖੀਰ ਵਿਚ ਗੁਰੂ ਜੀ ਨੇ ਗੋਇੰਦਵਾਲ ਨਗਰ ਆਬਾਦ ਕਰਕੇ ਉਥੇ ਸਿੱਖੀ ਦਾ ਕੇਂਦਰ ਬਣਾਉਣ ਦੀ ਤਜਵੀਜ਼ ਕੀਤੀ। ਸ਼ਾਹੀ ਸੜਕ ਹੋਣ ਕਰਕੇ ਉਥੇ ਲੋਕਾਂ ਦੀ ਆਮ ਆਵਾਜਾਈ ਸੀ।ਇਹ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੁੱਤਰਾਂ ਨੂੰ ਨਾ ਸੌਂਪ ਕੇ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ ਆਪ ਸੰਮਤ 1609 (29 ਮਾਰਚ 1552 ਈ.) ਨੂੰ ਖਡੂਰ ਸਾਹਿਬ ਵਿਖੇ 12 ਸਾਲ 9 ਮਹੀਨੇ 17 ਦਿਨ ਗੁਰੂ ਨਾਨਕ ਜੋਤਿ ਦੇ ਅਧਿਕਾਰੀ ਬਣ ਕੇ ਸਾਰੀ ਉਮਰ 47 ਸਾਲ 11 ਮਹੀਨੇ 21 ਦਿਨ ਭੋਗ ਕੇ ਜੋਤੀ ਜੋਤਿ ਸਮਾ ਗਏ। ਭਾਈ ਸੱਤੇ ਬਲਵੰਡ ਜੀ ਨੇ ਇਸ ਬਾਰੇ ਬਹੁਤ ਸੋਹਣਾ ਲਿਖਿਆ ਹੈ:ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।।ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ।।(ਅੰਗ ੯੬੭)

-ਬਲਜੀਤ ਕੌਰ

# ਸਨਮੁਖ ਸਿਖ ਹੁਇ ਜਬੈ। ਹੁਇ ਆਵਹਿ ਗੁਰ ਕਰੁਨਾ ਤਬੈ।।

ਸੰਸਾਰ ਸਾਗਰ ਤੋਂ ਅਕਾਲ ਪੁਰਖ ਦੇ ਨਾਮ ਰੂਪੀ ਜਹਾਜ਼ ਰਾਹੀਂ ਤਰਿਆ ਜਾ ਸਕਦਾ ਹੈ। ਜਗਤ ਨੂੰ ਤਾਰਨ ਵਾਲਾ ਨਾਮ ਸਤਿਗੁਰ ਜੀ ਦੇ ਪ੍ਰਸੰਨ ਹੋਣ ਨਾਲ ਮਿਲਦਾ ਹੈ। ਭੱਟ ਨਲ ਜੀ ਬਿਆਨ ਕਰਦੇ ਹਨ ਕਿ ਗੁਰੂ ਅਰਜਨ ਸਾਹਿਬ ਜੀ ਦੇ ਦਰ ਉੱਤੇ ਸਾਰੇ ਕਾਰਜ ਰਾਸ ਆ ਜਾਂਦੇ ਹਨ:

ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥
ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰਉ ॥੨॥
ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ ॥
ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ ॥

ਜੋ ਵੀ ਗੁਰੂ ਅਰਜਨ ਸਾਹਿਬ ਜੀ ਦੇ ਦਰ ਆਉਂਦਾ ਉਸ ਦੇ ਸਭ ਸ਼ੰਕੇ ਮੁੱਕ ਜਾਂਦੇ। ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਗੁਰੂ ਸਾਹਿਬ ਦਰ ਆਇਆਂ ਦੇ ਸ਼ੰਕ ਨਿਵਾਰ ਰਹੇ ਸਨ ਅਤੇ ਦੁੱਖ ਦੂਰ ਕਰ ਰਹੇ ਸਨ । ਇੱਕ ਸਿੱਖ ਭਾਈ ਸਮੁੰਦਾ ਸਤਿਗੁਰ ਦੀ ਸਰਨ ਆਇਆ। ਉਸ ਨੇ ਕੁਝ ਚਿਰ ਸੰਗਤ ਕੀਤੀ ਅਤੇ ਫਿਰ ਮਨ ਵਿਚ ਸਵਾਲ ਉੱਠਿਆ ਅਤੇ ਸਤਿਗੁਰਾਂ ਦੇ ਨੇੜੇ ਬੈਠ ਕੇ ਅਰਜ ਕੀਤੀ 'ਹੇ ਗਰੀਬ ਨਿਵਾਜ! ਗਿਆਨ ਦੇ ਦਾਤੇ ਸਤਿਗੁਰ ਜੀਓ! ਸਨਮੁਖ ਤੇ ਬੇਮੁਖ ਕੌਣ ਹਨ?

ਉਨ੍ਹਾਂ ਦੇ ਲੱਛਣ ਕੀ ਹਨ?” ਭਾਈ ਸਮੁੰਦੇ ਦਾ ਸਵਾਲ ਸੁਣ ਕੇ ਸਤਿਗੁਰ ਜੀ ਮੁਸਕਰਾ ਰਹੇ ਸਨ। ਫਿਰ ਸਤਿਗੁਰ ਜੀ ਨੇ ਬਚਨ ਕੀਤਾ 'ਹੇ ਭਾਈ ਸਮੁੰਦਾ! ਜਿਵੇਂ ਕਿਸੇ ਪ੍ਰਾਣੀ ਨੂੰ ਕੋਈ ਕੰਮ ਲਈ ਭੇਜਿਆ ਜਾਂਦਾ ਹੈ ਉਹ ਤਾਕਤ, ਬੁੱਧੀ ਅਤੇ ਪ੍ਰੇਮ ਨਾਲ ਮਨ ਲਾ ਕੇ ਚੰਗੀ ਤਰ੍ਹਾਂ ਕਾਰਜ ਕਰ ਕੇ ਵਾਪਸ ਆਉਂਦਾ ਹੈ, ਉਹ ਸਨਮੁਖ ਹੁੰਦਾ ਹੈ। ਜੋ ਕੰਮ ਵਿਗਾੜ ਕੇ ਆਉਂਦਾ ਹੈ ਜਾਂ ਕਰਦਾ ਹੀ ਨਹੀਂ ਉਸ ਨੂੰ ਬੇਮੁਖ ਕਹੀਦਾ ਹੈ।' ਪਾਤਸ਼ਾਹ ਜੀ ਨੇ ਸਨਮੁਖ ਤੇ ਬੇਮੁਖ ਬਾਰੇ ਹੋਰ ਸਮਝਾਉਂਦਿਆਂ ਅੱਗੇ ਕਿਹਾ 'ਹੇ ਭਾਈ, ਨਿਰੰਕਾਰ ਨੇ ਮਨੁੱਖ ਨੂੰ ਨਾਮ ਸਿਮਰਨ ਕਰਦਿਆਂ ਸਨਮੁਖ ਹੋ ਕੇ ਰਹਿਣ ਲਈ ਭੇਜਿਆ ਹੈ। ਜੋ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰ ਕੇ ਨਿਰੰਕਾਰ ਦਾ ਸਿਮਰਨ ਕਰਦਿਆਂ ਕਾਮਨਾ ਰਹਿਤ ਹੋ ਕੇ ਪ੍ਰੇਮ ਧਾਰਨ ਕਰਦੇ ਹਨ ਫਿਰ ਗੁਰਬਾਣੀ ਨੂੰ ਪੜ੍ਹ ਕੇ ਹਿਰਦੇ ਵਿਚ ਵਿਚਾਰਦੇ ਅਤੇ ਉਪਰੰਤ ਸੰਸਾਰੀ ਕਾਰ-ਵਿਹਾਰ ਕਰਦਿਆਂ ਸਮਰੱਥਾ ਅਨੁਸਾਰ ਲੋੜਵੰਦ ਨੂੰ ਦਾਨ ਕਰਦੇ ਹਨ, ਉਹ ਸਨਮੁਖ ਹੁੰਦੇ ਹਨ। ਸਨਮੁਖ ਵਿਅਕਤੀ ਆਪਣੇ ਸਰੀਰ ਤੇ ਮੋਹ ਤਿਆਗ ਕੇ ਆਤਮਿਕ ਤੌਰ ਤੇ ਪ੍ਰਸੰਨ ਰਹਿੰਦੇ ਹਨ ਉਨ੍ਹਾਂ ਨੂੰ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਉਹਆਪਣਾ ਜਨਮ ਸਵਾਰ ਕੇ ਨਿਰੰਕਾਰ ਨੂੰ ਪ੍ਰਾਪਤ ਕਰ ਕੇ ਪਰਮ ਅਨੰਦ ਨੂੰ ਪ੍ਰਾਪਤ ਹੋ ਜਾਂਦੇ ਹਨ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਸ ਬਾਰੇ ਇਸ ਤਰ੍ਹਾਂ ਬਿਆਨ ਕੀਤਾ ਹੈ :

ਬੁਧਿ ਤੇ ਬਲ ਤੇ ਪ੍ਰੇਮ ਲਗਾਇ। ਜੋ ਕਾਰਜ ਕੋ ਲੇਤਿ ਬਨਾਇ।।



ਸੋ ਸਨਮੁਖ ਆਵਤਿ ਚਲਿ ਸ਼ਾਹੂ।...
ਨਹੀਂ ਕਰਹਿ ਬੇਮੁਖ ਲਖਿ ਤਾਂਹੂ।।੧੯।।...
ਗੁਰੂਬਾਨੀ ਪਨਿ ਰਿਦੇ ਬਿਚਾਰਹਿ।
ਤਰਨਿ ਉਦੇ ਨਿਜ ਕਾਜ ਸੰਭਾਰਹਿ।।੨੧।।
ਮੁਖ ਮਹਿ ਕਿਯੋਂ ਰਿਦੇ ਸਤਿਨਾਮੁ।
ਸਦਾ ਸੰਭਾਰਹਿ ਕਰਤੇ ਕਾਮੂ।
ਜਿਨਹੂੰ ਨ ਮਨ ਤੇ ਪ੍ਰਭੂ ਬਿਸਾਰਯੋ।।
ਸਤਿ ਸੰਗਤਿ ਮਿਲਬੇ ਹਿਤ ਧਾਰਯੋ ।।੨੨।।
ਜਥਾ ਸ਼ਕਿਤ ਨਿਤ ਦੇਤੇ ਦਾਨ ॥
ਨਗਨ ਛੁਧਿਤ ਕੋ ਦੇਖਿ ਸੁਜਾਨ।
ਜਿਨ ਜਗ ਮਹਿ ਇਮ ਕਾਜ ਬਨਾਯੋ।
ਲਗਿ ਬਿਸ਼ਿਯਨਿ ਨਹਿ ਜਨਮ ਗਵਾਯੋ
ਵਾਹਿਗੁਰੂ ਕੇ ਸਨਮੁਖ ਸੋਇ ॥
ਹਰਖਹਿ ਤਨ ਤਜਿ ਦਰਸ਼ਨ ਹੋਇ ॥
ਕਾਜ ਸੁਧਾਰ ਜਾਇ ਪ੍ਰਭੁ ਮਿਲੇ ।
ਲਹਿ ਆਨੰਦ ਮੁਕਤਿ ਸੇ ਭਲੇ ।।੨੪।।
(ਗੁ. ਪ੍ਰ. ਸੂ. ਗ੍ਰੰਥ ਰਾਸਿ ਤੀਜੀ, ਅਧਿ ੫੩)

ਫਿਰ ਬੇਮੁਖ ਬਾਰੇ ਗੱਲ ਕਰਦਿਆਂ ਸਤਿਗੁਰ ਜੀ ਨੇ ਬਚਨ ਕੀਤਾ 'ਜਿਨ੍ਹਾਂ ਨੇ ਜਗਤ ਵਿਚ ਆਪਣਾ ਜੀਵਨ ਸਫਲਾ ਨਹੀਂ ਕੀਤਾ। ਵਿਕਾਰਾਂ ਵਿਚ ਪੈ ਕੇ ਆਪਣਾ ਆਪ ਹੀ ਦੁਖੀ ਕੀਤਾ, ਉਹ ਬੇਮੁਖ ਹਨ। ਉਹ ਹੰਕਾਰ ਵਿਚ ਮਰ ਕੇ ਆਪਣਾ ਮਰਣ ਵੀ ਵਿਗਾੜ ਲੈਂਦੇ ਹਨ।' ਬੇਮੁਖ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਦਾ ਪਾਵਨ ਕਥਨ ਹੈ:

ਮਨਮੁਖ ਮਾਇਆ ਮੋਹਿ ਵਿਆਪੈ ਦੂਜੈ ਭਾਇ ਮਨੂਆ ਥਿਰੁ ਨਾਹਿ।
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ।।
ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ।
ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ।।
(ਅੰਗ ੬੫੨)

ਇਹ ਸੁਣ ਕੇ ਭਾਈ ਸਮੁੰਦੇ ਨੇ ਬੇਨਤੀ ਕੀਤੀ 'ਹੇ ਕਰੁਨਾਨਿਧਿ ਸਤਿਗੁਰ ਜੀਉ! ਜੇ ਤੇਰੀ ਦਇਆ ਹੋਵੈ ਤਾਂ ਸਨਮੁਖ ਹੋਈਐ।' ਦਇਆਵਾਨ ਸਤਿਗੁਰ ਜੀ ਨੇ ਬਚਨ ਕੀਤਾ 'ਹੇ ਭਾਈ ਜੋ ਸਿੱਖ ਸਨਮੁਖ ਹੁੰਦਾ ਉਸ ਉੱਤੇ ਸਤਿਗੁਰ ਜੀ ਦੀ ਦਇਆ ਆਪੇ ਹੋ ਜਾਂਦੀ ਹੈ ਯਥਾ:

ਮੁਝ ਕੋ ਸਨਮੁਖ ਆਪ ਬਨਾਵਹੁ ਦਿਹੁ ਤੀਨਹੁ ਗੁਨ ਕੋ ਬਖਸ਼ਾਵਹੁ।।
ਗੁਰ ਕਹਿ ਸਨਮੁਖਿ ਸਿਖ ਹੁਇ ਜਬੈ ।
ਹੁਇ ਆਵਹਿ ਗੁਰ ਕਰੁਨਾ ਤਬੈ।।੨੬।।
(ਗੁ.ਪ੍ਰ.ਸੂ.ਗ੍ਰੰ. ਰਾਸਿ ਤੀਜੀ ਅਧਿ ੫੩ )

ਭਾਈ ਸਮੁੰਦਾ ਸਤਿਗੁਰ ਦੇ ਬਚਨ ਨੂੰ ਸਤ ਮੰਨ ਕੇ ਪ੍ਰੇਮ ਨਾਲ ਸਤਿਗੁਰ ਦੀ ਸੇਵਾ ਵਿਚ ਜੁੱਟ ਗਿਆ। ਪਿਛਲ ਰਾਤੀਂ ਉੱਠਦਾ ਇਸ਼ਨਾਨ ਕਰ ਕੇ ਸਤਿਨਾਮ ਵਾਹਿਗੁਰੂਦਾ ਜਾਪ ਕਰਦਾ। ਗੁਰਬਾਣੀ ਦਾ ਪਾਠ ਕਰਦਾ। ਵਾਹਿਗੁਰੂ ਬੋਲ ਕੇ ਸਾਰੇ ਕਾਰਜ ਕਰਦਾ। ਯਥਾ ਸ਼ਕਤ ਦਾਨ ਕਰਦਾ।

ਸਤਿਸੰਗਤ ਵਿਚ ਪ੍ਰੇਮ ਨਾਲ ਬੈਠਦਾ। ਇਸ ਤਰ੍ਹਾਂ ਉਸ ਨੂੰ ਗਿਆਨ ਦੀ ਪ੍ਰਾਪਤੀ ਹੋਈ, ਅਤੇ ਉਹ ਆਪਣਾ ਜੀਵਨ ਸਫਲ ਕਰ ਕੇ ਮੁਕਤੀ ਨੂੰ ਪ੍ਰਾਪਤ ਹੋ ਗਿਆ। ਇਸ ਤਰ੍ਹਾਂ ਭਾਈ ਸਮੁੰਦਾ ਜੀ ਸਤਿਗੁਰ ਦੇ ਸਨਮੁਖ ਹੋ ਕੇ ਰਹਿਮਤਾਂ ਦੇ ਪਾਤਰ ਬਣ ਗਏ। ਭਾਈ ਗੁਰਦਾਸ ਜੀ ਨੇ ਭਾਈ ਸਮੁੰਦਾ ਜੀ ਨੂੰ ਸਨਮੁਖ ਸਿੱਖ ਕਹਿ ਕੇ ਨਿਵਾਜਿਆ ਹੈ:ਸੁਹਤੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖ ਸਾਰਾ।।

**-ਸ. ਬਲਵਿੰਦਰ ਸਿੰਘ ਜੌੜਾਸਿੰਘਾ**

# ਜਥੇਦਾਰ ਗੜਗੱਜ ਵੱਲੋਂ ਨਿਊਜ਼ੀਲੈਂਡ ਵਿੱਚ ਮੁਫ਼ਤ ਫੂਡ ਡ੍ਰਾਈਵ ਦੀ ਅਗਵਾਈ, 1000 ਤੋਂ ਵੱਧ ਭੋਜਨ ਕਿੱਟਾਂ ਵੰਡੀਆਂ ; ਮਾਓਰੀ ਭਾਈਚਾਰੇ ਵੱਲੋਂ ਨਿੱਘਾ ਸੁਆਗਤ



ਔਕਲੈਂਡ/ਸ੍ਰੀ ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ ਵੱਲੋਂ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਟਾਕਾਨੀਨੀ ਵਿਖੇ ਅੱਜ ਕਰਵਾਏ ਗਏ ਮੁਫ਼ਤ ਫੂਡ ਡ੍ਰਾਈਵ ਮੌਕੇ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਅਰਦਾਸ ਕਰਕੇ ਮੁਫ਼ਤ ਭੋਜਨ ਵੰਡ ਸਮਾਰੋਹ ਦੀ ਸ਼ੁਰੂਆਤ ਕੀਤੀ, ਜਿਸ ਦੌਰਾਨ ਇੱਕ ਹਜ਼ਾਰ ਤੋਂ ਵੱਧ ਭੋਜਨ ਦੀਆਂ ਕਿੱਟਾਂ ਸਥਾਨਕ ਲੋੜਵੰਦ ਭਾਈਚਾਰੇ ਨੂੰ ਵੰਡੀਆਂ ਗਈਆਂ।

ਅਰਦਾਸ ਉਪਰੰਤ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਿਸ ਸਿੱਖ ਸਿਧਾਂਤ ਦੀ ਅਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਦੁਆਰਾ ਸੱਚਾ ਸੌਦਾ ਸਾਹਿਬ ਵਿਖੇ 20 ਰੁਪਈਆਂ ਨਾਲ ਲੋੜਵੰਦਾਂ ਲਈ ਲੰਗਰ ਲਗਾ ਕੇ ਕੀਤੀ। ਗੁਰੂ ਸਾਹਿਬ ਦੇ ਉਨ੍ਹਾਂ 20 ਰੁਪਈਆਂ ਦੀ ਬਰਕਤ ਅੱਜ ਪੂਰੇ ਸੰਸਾਰ ਦੇ ਵਿੱਚ ਨਜ਼ਰ ਆਉਂਦੀ ਹੈ, ਜਿਸ ਦਾ ਪ੍ਰਤੱਖ ਪ੍ਰਗਟਾਵਾ ਸਿੱਖ ਸੁਪਰੀਮ ਸੁਸਾਇਟੀ ਆਫ਼ ਨਿਊਜ਼ੀਲੈਂਡ ਅਤੇ ਸਮੁੱਚੀ ਟੀਮ ਨੇ ਵੀ ਇਸ ਮੁਫ਼ਤ ਫੂਡ ਡ੍ਰਾਈਵ ਰਾਹੀਂ ਕੀਤਾ ਹੈ। ਇਨ੍ਹਾਂ ਵੱਲੋਂ ਕੋਵਿਡ-19 ਸਮੇਂ ਵੀ ਇਸ ਧਰਤੀ ਉੱਤੇ ਬਹੁਤ ਵੱਡੀਆਂ ਸੇਵਾਵਾਂ ਕਰਕੇ ਮਨੁੱਖਤਾ ਦੀ ਭਲਾਈ ਦੇ ਕਾਰਜ ਕੀਤੇ ਗਏ। ਸਿੱਖਾਂ ਦੇ ਇਸ ਉਪਰਾਲੇ ਨੂੰ ਨਿਊਜ਼ੀਲੈਂਡ ਦੀ ਸਰਕਾਰ ਨੇ ਵੀ ਸਲਾਹਿਆ ਹੈ, ਜਿਸ ਨਾਲ ਸਿੱਖ ਕੌਮ ਦਾ ਸਿਰ ਮਾਣ ਨਾਲ ਉੱਚਾ ਹੁੰਦਾ ਹੈ। ਇਹ ਸੇਵਾ ਸਮੂਹ ਮਨੁੱਖਾਂ ਵਿਚਕਾਰ ਬਰਾਬਰੀ ਦੀ ਪ੍ਰਤੀਕ ਹੈ, ਜਿਸ ਤਹਿਤ ਜਾਤ-ਪਾਤ, ਰੰਗ-ਨਸਲ, ਊਚ-ਨੀਚ, ਅਮੀਰ-ਗਰੀਬ ਦੇ ਵਿਤਕਰਿਆਂ ਉੱਪਰ ਉੱਠ ਕੇ ਹਰ ਇੱਕ ਲੋੜਵੰਦ ਦੀ ਮਦਦ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਪਰਾਲਿਆਂ ਨਾਲ ਸਿੱਖਾਂ ਦੀ ਵਿਲੱਖਣ ਪਛਾਣ ਪੂਰੇ ਸੰਸਾਰ ਵਿੱਚ ਉਜਾਗਰ ਹੋਈ ਹੈ ਅਤੇ ਸਿੱਖੀ ਦੀ ਚੜ੍ਹਦੀ ਕਲਾ ਹੋਈ ਹੈ। ਉਨ੍ਹਾਂ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੁਪਰੀਮ ਸਿੱਖ ਸੁਸਾਇਟੀ ਆਫ਼ ਨਿਊਜ਼ੀਲੈਂਡ ਦੇ ਬੁਲਾਰੇ ਸ. ਦਲਜੀਤ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਇਸ ਉਪਰਾਲੇ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਵੱਲੋਂ ਨਿਊਜ਼ੀਲੈਂਡ ਵਿੱਚ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਇੱਕ ਮੰਚ ਹੇਠ ਇਕੱਤਰ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਜੋੜਿਆ ਹੋਇਆ ਹੈ।

ਉਨ੍ਹਾਂ ਨਿਊਜ਼ੀਲੈਂਡ ਵਿੱਚ ਵੱਸਦੇ ਸਮੂਹ ਸਿੱਖਾਂ ਅਤੇ ਹੋਰ ਭਾਈਚਾਰਿਆਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਦੌਰਾਨ ਮਾਂਗਾਕੀਕੀ ਦੇ ਨਿਊਜ਼ੀਲੈਂਡ ਸੰਸਦ ਮੈਂਬਰ ਗ੍ਰੈਗ ਫਲੈਮਿੰਗ ਵੀ ਹਾਜ਼ਰ ਰਹੇ, ਜਿਨ੍ਹਾਂ ਨੇ ਸਿੱਖਾਂ ਵੱਲੋਂ ਕਰਵਾਏ ਗਏ ਫ੍ਰੀ ਫੂਡ ਡ੍ਰਾਈਵ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਉਦਾਰਤਾ ਹੈ ਜੋ ਬਿਨਾਂ ਕਿਸੇ ਭੇਦਭਾਵ ਤੋਂ ਮਨੁੱਖਤਾ ਦੀ ਸੇਵਾ ਕਰਦੇ ਹਨ। ਇਸ ਮੌਕੇ ਸਥਾਨਕ ਆਗੂ ਐਮਾ ਚੈਟਰਰਨ, ਕੌਂਸਲਰ ਡੈਨੀਅਲ ਨਿਊਮੈਨ, ਚੇਅਰ ਲੋਕਲ ਬੋਰਡ ਕੈਲਵਨ ਹੈਵਿਟ, ਸ. ਖੜਕ ਸਿੰਘ, ਮਾਰਸ਼ਲ ਵਾਲੀਆ, ਸ. ਲਾਲੀ ਰਣਵੀਰ ਸਿੰਘ ਸਕੱਤਰ, ਸ. ਕਰਤਾਰ ਸਿੰਘ ਪ੍ਰਧਾਨ, ਸ. ਮਨਜਿੰਦਰ ਸਿੰਘ ਖਜਾਨਚੀ, ਸ. ਜਸਕਰਨ ਸਿੰਘ ਲੇਖਕ ਆਦਿ ਮੌਜੂਦ ਸਨ।ਮਾਓਰੀ ਭਾਈਚਾਰੇ ਵੱਲੋਂ ਜਥੇਦਾਰ ਗੜਗੱਜ ਦਾ ਨਿੱਘਾ ਸੁਆਗਤ ਇਸ ਤੋਂ ਪਹਿਲਾਂ ਸਥਾਨਕ ਮਾਓਰੀ ਭਾਈਚਾਰੇ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਪਾਪਾਕੁਰਾ ਮਰਾਏ ਵਿਖੇ ਪੁੱਜਣ ਉੱਤੇ ਉਨ੍ਹਾਂ ਦੀ ਸੱਭਿਆਚਾਰਕ ਰਵਾਇਤ ਅਨੁਸਾਰ ਨਿੱਘਾ ਸੁਆਗਤ ਕੀਤਾ। ਇਸ ਦੌਰਾਨ ਮਾਓਰੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਜਥੇਦਾਰ ਗੜਗੱਜ ਨਾਲ ਆਪੋ-ਆਪਣੇ ਸੱਭਿਆਚਾਰਾਂ ਤੇ ਰਵਾਇਤਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਮਾਓਰੀ ਭਾਈਚਾਰੇ ਨੇ ਕਿਹਾ ਕਿ ਜੋ ਵੀ ਬੀਤੇ ਦਿਨੀਂ ਕੁਝ ਅਨਸਰਾਂ ਵੱਲੋਂ ਉਨ੍ਹਾਂ ਨਾਲ ਸਬੰਧਤ ਹਾਕਾ ਰਵਾਇਤ ਦੀ ਦੁਰਵਰਤੋਂ ਕਰਕੇ ਨਿਊਜ਼ੀਲੈਂਡ ਵਿਖੇ ਸਿੱਖਾਂ ਵੱਲੋਂ ਸਜਾਏ ਗਏ ਨਗਰ ਕੀਰਤਨ ਦਾ ਵਿਰੋਧ ਕੀਤਾ ਗਿਆ ਉਸ ਉਨ੍ਹਾਂ ਦਾ ਕੋਈ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਉਹ ਸਿੱਖ ਸਿਧਾਂਤਾਂ ਤੇ ਰਵਾਇਤਾਂ ਦਾ ਬਹੁਤ ਸਤਿਕਾਰ ਕਰਦੇ ਹਨ ਤੇ ਹਮੇਸ਼ਾ ਕਰਦੇ ਰਹਿਣਗੇ ਅਤੇ ਸਿੱਖ ਕੌਮ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਮਾਓਰੀ ਭਾਈਚਾਰੇ ਨੇ ਕਿਹਾ ਕਿ ਭਾਵੇਂ ਕਿ ਉਹ ਕਿਸੇ ਨੂੰ ਵੀ ਆਪਣੇ ਮਰਾਏ ਵਿੱਚ ਸ਼ਸਤਰ ਲੈ ਕੇ ਨਹੀਂ ਆਉਣ ਦਿੰਦੇ ਪਰੰਤੂ ਕਿਉਂਕਿ ਉਹ ਸਿੱਖ ਭਾਈਚਾਰੇ ਨੂੰ ਆਪਣਾ ਸਮਝਦੇ ਹਨ, ਇਸ ਲਈ ਉਨ੍ਹਾਂ ਜਥੇਦਾਰ ਗੜਗੱਜ ਦਾ ਵੱਡੀ ਸ੍ਰੀ ਸਾਹਿਬ ਦੇ ਨਾਲ ਵੀ ਸੁਆਗਤ ਕਰਦੇ ਹਨ।

# ਅਖਰ ਕਾ ਭੇਉ.....



-ਗਿਆਨੀ ਗੁਰਜੀਤ ਸਿੰਘ
ਮੁੱਖ ਸੰਪਾਦਕ, ਖ਼ਾਲਸਾ ਅਖ਼ਬਾਰ

ਮਨੁੱਖ ਦਾ ਸੰਬੰਧ ਅੱਖਰਾਂ ਨਾਲ ਜਨਮ ਤੋਂ ਵੀ ਪਹਿਲਾਂ ਦਾ ਹੈ। ਗੁਰਬਾਣੀ ਦਾ ਫੁਰਮਾਨ ਹੈ:-

ਮਾਥੈ ਜੋ ਧੁਰਿ ਲਿਖਿਆ ਸੁ ਮੇਟਿ ਨ ਸਕੈ ਕੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੩)

ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੧)

ਅਗੰਮ ਪਰਮਾਤਮਾ ਦੀ ਕਲਮ ਮੱਥੇ ਦੇ ਉੱਪਰ ਲੇਖ ਲਿਖਦੀ ਹੈ।ਬੱਚੇ ਦੇ ਜਨਮ ਦੇ ਨਾਲ ਸਾਡੇ ਪਰਵਾਰਾਂ ਵਿਚ ਰਿਸ਼ਤੇਦਾਰ ਅੱਖਰਾਂ ਦੇ ਜੋੜ ਨਾਲ ਬੱਚੇ ਦਾ ਨਾਮ ਰੱਖਦੇ ਹਨ। ਸਮੇਂ ਦੇ ਬੀਤਣ ਨਾਲ ਮਾਂ-ਬਾਪ ਕੋਲੋਂ ਸਕੇ-ਸੰਬੰਧੀਆਂ ਦਾ ਗਿਆਨ ਬੱਚੇ ਨੂੰ ਪ੍ਰਾਪਤ ਹੁੰਦਾ ਹੈ। ਹੌਲੀ-ਹੌਲੀ ਭਾਸ਼ਾ ਦੀ ਸਮਝ ਉਸ ਨੂੰ ਪੈਣੀ ਸ਼ੁਰੂ ਹੋ ਜਾਂਦੀ ਹੈ। ਬੱਚਾ ਸ਼ਬਦ ਬੋਲਣੇ ਸਿੱਖ ਲੈਂਦਾ ਹੈ। ਵਿੱਦਿਆ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਬੱਚੇ ਨੂੰ ਅੱਖਰਾਂ ਦੇ ਨਾਲ ਵੱਖ-ਵੱਖ ਤਰ੍ਹਾਂ ਦਾ ਗਿਆਨ ਦੇਣ ਦੀ ਸ਼ੁਰੂਆਤ ਹੋ ਜਾਂਦੀ ਹੈ। ਬਾਲ-ਅਵਸਥਾ ਤੋਂ ਮਨੁੱਖ ਨੂੰ ਦੇਖਦਿਆਂ, ਸੁਣਦਿਆਂ, ਛੁਹੰਦਿਆਂ ਵਸਤੂ ਦਾ ਗਿਆਨ ਤਾਂ ਹੋ ਜਾਂਦਾ ਹੈ, ਪਰ ਫਿਰ ਵੀ ਅੱਖਰਾਂ ਦਾ ਭੇਤ ਜਾਣਨ ਤੋਂ ਅਸਮਰੱਥ ਹੋਣ ਕਰਕੇ ਪੂਰਨ ਤੌਰ 'ਤੇ ਤ੍ਰਿਪਤ ਨਹੀਂ ਹੁੰਦਾ ਜਾਂ ਫਿਰ ਇੰਞ ਕਹਿ ਸਕਦੇ ਹਾਂ ਕਿ ਪੂਰੀ ਤਰ੍ਹਾਂ ਉਸ ਨੂੰ ਅੱਖਰ ਭੇਤ ਦੀ ਸਮਝ ਨਹੀਂ ਪੈਂਦੀ।ਦਾਸ (ਲੇਖਕ) ਦਾ ਬਚਪਨ ਤੋਂ ਹੀ ਰੋਜ਼ਾਨਾ ਗੁਰਦੁਆਰਾ ਸਾਹਿਬ ਜਾ ਕੇ ਨਤਮਸਤਕ ਹੋਣ ਦਾ ਨੇਮ ਸੀ।

ਸੰਸਾਰਕ ਵਿੱਦਿਆ ਪੂਰੀ ਕਰਦਿਆਂ ਭਗਤ ਕਬੀਰ ਜੀ ਦੇ ਸਲੋਕਾਂ ਨੂੰ ਸੁਣ ਕੇ ਗੁਰਬਾਣੀ ਸੰਥਯਾ ਦਮਦਮੀ ਟਕਸਾਲ, ਮਹਿਤਾ ਚੌਂਕ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਗਿਆਨੀ ਸੁਰਜੀਤ ਸਿੰਘ ਜੀ 'ਸੋਧੀ' ਜੀ ਕੋਲੋਂ ਲਈ। ਉਨ੍ਹਾਂ ਕੋਲੋਂ ਗੁਰਬਾਣੀ ਦੀ ਲੜੀਵਾਰ ਸੰਥਯਾ ਦੇ ਨਾਲ-ਨਾਲ ਹੋਰ ਅਨੇਕਾਂ ਗ੍ਰੰਥਾਂ ਦਾ ਅਧਿਐਨ ਕਰਨ ਦਾ ਵੀ ਮੌਕਾ ਮਿਲਿਆ।ਦਾਸ (ਲੇਖਕ) ਦੀ ਗੁਰਬਾਣੀ ਨੂੰ ਹੋਰ ਡੂੰਘਾਈ ਤਕ ਸਮਝਣ ਦੀ ਤੀਬਰ ਇੱਛਾ ਉਸ ਸਮੇਂ ਦੇ ਪ੍ਰਸਿੱਧ ਵਿਦਵਾਨ ਪੰਥ-ਰਤਨ ਗਿਆਨੀ ਸੰਤ ਸਿੰਘ 'ਮਸਕੀਨ' ਜੀ ਕੋਲ ਲੈ ਗਈ, ਜਿਨ੍ਹਾਂ ਦੇ ਕੋਲ ਤਕਰੀਬਨ ਡੇਢ ਸਾਲ ਤਕ (ਉਨ੍ਹਾਂ ਦੇ ਅਕਾਲ ਚਲਾਣੇ ਤਕ) ਦਾਸ ਰਿਹਾ।ਇਕ ਵਾਰ ਬੰਬਈ ਵਿਚ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਜਦੋਂ ਦਾਸ ਸਵੇਰੇ ਮਸਕੀਨ ਜੀ ਨੂੰ ਫਤਿਹ ਬੁਲਾਉਣ ਗਿਆ, ਤਾਂ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਕਥਾ ਕਰਨ ਵਾਸਤੇ ਕਿਸੇ ਬਾਹਰਲੇ ਦੇਸ਼ਾਂ ਵਿਚ ਜਾਣਾ ਹੈ; ਹੁਣ ਮੇਲ ਦੋ ਮਹੀਨਿਆਂ ਬਾਅਦ ਹੋਵੇਗਾ।

ਅਚਾਨਕ ਹੀ ਮਨ ਅੰਦਰੋਂ ਸਵਾਲ ਨਿਕਲਿਆ ਕਿ ਗਿਆਨੀ ਜੀ ! ਕੋਈ ਐਸੀ ਜਗ੍ਹਾ ਹੈ, ਜਿੱਥੇ ਅਨੁਭਵੀ ਅਰਥ ਹੁੰਦੇ ਹੋਣ? ਇਤਨਾ ਕੁ ਮੈਨੂੰ ਪਤਾ ਸੀ ਕਿ ਇਹ ਅਨੁਭਵੀ ਕਥਾ ਕਰਦੇ ਨੇ। ਮਸਕੀਨ ਜੀ ਕਹਿਣ ਲੱਗੇ ਕਿ 'ਗੁਰ ਮੰਤਰ ਸਿਮਰਿਆ ਕਰੋ, ਤੁਹਾਨੂੰ ਨਵੇਂ ਤੋਂ ਨਵੇਂ ਅਰਥ ਪ੍ਰਾਪਤ ਹੋਣਗੇ !ਉਨ੍ਹਾਂ ਦੀ ਇਹ ਸਿੱਖਿਆ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੀ ਪਰਿਭਾਸ਼ਾ ਹੈ ਕਿ ਸਿੱਖ ਉਹ ਹੈ ਜੋ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਹਰਿ ਨਾਮੁ ਧਿਆਵੈ ਅਤੇ ਫਿਰ ਬਾਅਦ ਵਿਚ ਗੁਰਬਾਣੀ ਦਾ ਨਿੱਤਨੇਮ ਕਰੇ।ਗੁਰੂ ਦੀ ਕਿਰਪਾ ਸਦਕੇ ਦਮਦਮੀ ਟਕਸਾਲ ਦੇ ਗਿਆਨੀ ਸੁਰਜੀਤ ਸਿੰਘ 'ਸੋਧੀ' ਜੀ ਅਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਸੰਗਤ ਦੇ ਕਰਕੇ ਅਨੇਕਾਂ ਅਰਥ ਮਿਲੇ ਜੋ ਬੜੇ ਸਰਲ ਸਨ, ਉਨ੍ਹਾਂ ਵਿੱਚੋਂ ਕੁਝ ਸ਼ਬਦਾਂ ਦੇ ਅਰਥ ਇਸ ਲੇਖ ਰਾਹੀਂ ਆਪ ਜਗਿਆਸੂ ਪਾਠਕਾਂ ਦੇ ਸਾਹਮਣੇ ਰੱਖਣ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

**ਓੜਕ:**-ਜਪ ਜੀ ਸਾਹਿਬ ਦੀ ੨੨ਵੀਂ ਪਉੜੀ ਦੇ ਵਿਚ 'ਓੜਕ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਨਿੱਤਨੇਮੀ ਸਿੱਖਾਂ ਨੂੰ ਇਹ ਪਉੜੀਆਂ ਕੰਠ ਵੀ ਹੁੰਦੀਆਂ ਹਨ: ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ,੫)

'ਓੜਕ' ਦੇ ਜੋ ਅਰਥ ਤਕਰੀਬਨ-ਤਕਰੀਬਨ ਵਿਦਵਾਨਾਂ ਨੇ ਅਖੀਰ, ਅੰਤ, ਹੱਦ ਆਦਿਕ ਕੀਤੇ ਹਨ, ਜੋ ਕਾਫੀ ਹੱਦ ਤਕ ਠੀਕ ਹਨ, ਪਰ ਬਿਲਕੁਲ ਨਿਕਟਵਰਤੀ ਅਰਥ ਹਨ—

ਓੜਕ: ਓ ਤੋਂ ਲੈ ਕੇ ੜ ਤਕ।'ਓ' ਸ੍ਰਿਸ਼ਟੀ ਦਾ ਮੂਲ ਹੈ। ਗੁਰਬਾਣੀ ਸ੍ਰਿਸ਼ਟੀ ਦਾ ਅਰੰਭ ਓਅੰਕਾਰ ਤੋਂ ਮੰਨਦੀ ਹੈ। ਕਈ ਮਹਾਂਪੁਰਖਾਂ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ ਤੇ ਭਗਤ ਕਬੀਰ ਜੀ ਵੀ ਇਹੀ ਗੱਲ ਪ੍ਰਵਾਨ ਕਰਦੇ ਹਨ। ਸਤਿਗੁਰੂ ਗੁਰਮੁਖੀ ਲਿਪੀ ਦੀ ਪੈਂਤੀ ਨੂੰ ਸਾਹਮਣੇ ਰੱਖ ਕੇ ਸਮਝਾਉਂਦੇ ਹਨ ਕਿ ਜਿਵੇਂ ਪੈਂਤੀ ਦੇ ਵਿਚ 'ੜ' ਅਖੀਰ ਹੈ, ਇਸੇ ਤਰ੍ਹਾਂ ਇਸ ਸਮੁੱਚੇ ਪਸਾਰੇ ਦਾ ਅੰਤ ਲੱਭਣ ਦੀ ਕੋਸ਼ਿਸ਼ ਹੁੰਦੀ ਰਹੀ ਹੈ, ਪਰ ਬ੍ਰਹਿਮੰਡ ਦਾ 'ੜ', ਅਖੀਰ ਕਿਸੇ ਨੂੰ ਵੀ ਨਹੀਂ ਲੱਭਿਆ:

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥
ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥

ਜਿਹੜੇ ਮਨੁੱਖ ਇਸ ਭੇਤ ਨੂੰ ਲੱਭਣ ਗਏ ਉਹ ਥੱਕ ਗਏ।

ਕੋਈ ਵੀ ਇਸ ਪਸਾਰੇ ਦਾ ਅੰਤ ਨਹੀਂ ਜਾਣ ਸਕਿਆ:

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੯)*

ਉਪਠੀ:-ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)

ਗੁਰਬਾਣੀ ਵਿਆਖਿਆਵਾਂ ਦੇ ਵਿਚ 'ਉਪਠੀ' ਦਾ ਅਰਥ ਆਮ ਤੌਰ 'ਤੇ ਉਲਟ ਕੀਤਾ ਜਾਂਦਾ ਹੈ, ਪਰ ਜੇਕਰ ਸਾਰੀ ਪਉੜੀ ਨੂੰ ਗਹੁ ਨਾਲ ਪੜੀਏ ਤਾਂ ਪਤਾ ਲਗਦਾ ਹੈ ਕਿ ਉਪਠੀ ਦੋ ਸ਼ਬਦਾਂ ਦੇ ਮੇਲ- 'ਉੱਪਰ+ਉੱਠੀ' ਤੋਂ ਬਣਿਆ ਹੈ।ਉਪਠੀ : ਉੱਪਰ ਉੱਠੀ । ਫੁਰਮਾਨ ਹੈ :

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)

ਸਾਰੇ ਪਰਮਾਤਮਾ ਦੇ ਚਿੱਤ ਵਿਚ ਹਨ, ਉਹ ਸਭ ਨੂੰ ਵੇਖ ਰਿਹਾ ਹੈ। ਸਾਰੇ ਉਸ ਦੀਆਂ ਨਜ਼ਰਾਂ ਦੇ ਹੇਠਾਂ ਹਨ। ਜਦ ਉਹ ਕਿਸੇ ਤੋਂ ਆਪਣੀਆਂ ਨਿਗਾਹਾਂ ਹਟਾ ਲੈਂਦਾ ਹੈ, ਭਾਵ ਕਿ ਉੱਪਰ ਉਠਾ ਲੈਂਦਾ ਹੈ ਤਾਂ ਬਾਦਸ਼ਾਹ ਵੀ ਭਿਖਾਰੀ ਬਣ ਜਾਂਦੇ ਹਨ। ਅਨੇਕਾਂ ਪਦਾਰਥ ਵੰਡਣ ਵਾਲੇ ਸੁਲਤਾਨ ਵੀ ਦਰ-ਦਰ 'ਤੇ ਮੰਗਣ ਲੱਗ ਜਾਂਦੇ ਹਨ। ਦੂਸਰਿਆਂ ਦੇ ਦਰਵਾਜ਼ਿਆਂ 'ਤੇ ਉਨ੍ਹਾਂ ਨੂੰ ਭਿਖਿਆ ਮੰਗਣੀ ਪੈਂਦੀ ਹੈ, ਪਰ ਪਰਮਾਤਮਾ ਦੀ ਨਜ਼ਰ ਉਨ੍ਹਾਂ ਤੋਂ ਉੱਪਰ ਉੱਠੀ ਹੋਣ ਕਰਕੇ ਉਨ੍ਹਾਂ ਨੂੰ ਭਿੱਖਿਆ ਵੀ ਨਹੀਂ ਮਿਲਦੀ।*

ਐਤੁ:-ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)

'ਆਸਾ ਕੀ ਵਾਰ' ਗੁਰੂ-ਘਰ ਵਿਖੇ ਰਾਗੀ ਸਿੰਘਾਂ ਦੁਆਰਾ ਰੋਜ਼ਾਨਾ ਗਾਇਨ ਕੀਤੀ ਜਾਣ ਵਾਲੀ ਬਾਣੀ ਹੈ। ਸੰਗਤ ਵਿਚ ਸਰਵਣ ਕਰਨ ਵਾਲੇ ਜਗਿਆਸੂ-ਜਨਾਂ ਨੂੰ ਇਹ ਪੰਕਤੀਆਂ ਕੰਠ ਵੀ ਹੁੰਦੀਆਂ ਹਨ। ਫਿਰ ਮਨੁੱਖ ਸੁਣ ਕੇ ਸਮਝਣ ਦਾ ਯਤਨ ਵੀ ਕਰਦਾ ਹੈ। ਸਟੀਕਾਂ ਦੇ ਵਿਚ ਜੋ ਅਰਥ ਨੇ ਉਹ ਇਹੀ ਨੇ—ਐਤੁ ਭਾਵ ਇਸ ਜਗਤ ਦੇ ਵਿਚ।ਓਪਰੀ ਨਜ਼ਰ ਨਾਲ ਲਗਦਾ ਹੈ ਕਿ ਸਤਿਗੁਰੂ ਜੀ ਸਮਝਾਅ ਰਹੇ ਹਨ ਕਿ ਜਦ ਮਨੁੱਖ ਨੇ ਇਸ ਜਗਤ ਦੇ ਵਿਚ ਸਦਾ ਨਹੀਂ ਰਹਿਣਾ ਤਾਂ ਫਿਰ ਅਹੰਕਾਰ ਕਾਹਦਾ ਕਰ ਰਿਹਾ ਹੈ! ਪਰ ਇਹ ਸ਼ਬਦ ਸੰਖੇਪ ਸ਼ੈਲੀ ਦਾ ਹੈ।

ਪੂਰਾ ਸ਼ਬਦ 'ਆਦਿਤਯ' ਹੈ ਸੰਸਕ੍ਰਿਤ ਦਾ ਹੈ। 'ਐਤੁ', ਆਦਿਤਯ ਦਾ ਸੰਖੇਪ ਹੈ। ਆਦਿਤਯ ਸੂਰਜ ਨੂੰ ਕਹਿੰਦੇ ਹਨ। ਇਸ ਤੋਂ ਸ਼ਬਦ ਐਤਵਾਰ ਬਣਿਆ ਹੈ।ਰਾਗ ਗਉੜੀ ਦੇ ਵਿਚ ਕਬੀਰ ਜੀ ਦੀ ਬਾਣੀ ਵਿਚ ਆਦਿਤ ਕਰੈ ਭਗਤਿ ਆਰੰਭ ॥ ਦਾ ਜ਼ਿਕਰ ਹੈ। ਸਤਿਗੁਰੂ ਮਨੁੱਖ ਨੂੰ ਸਮਝਾਅ ਰਹੇ ਹਨ ਕਿ ਜਦ ਇਸ ਸੂਰਜ ਨੇ ਨਹੀਂ ਰਹਿਣਾ, ਇਸ ਜਗਤ ਨੇ ਵੀ ਮਿਟ ਜਾਣਾ ਹੈ ਤਾਂ, ਹੇ ਮਨੁੱਖ! ਤੂੰ ਆਪਣੀ ਨਿੱਕੀ ਜਿਹੀ ਕਾਇਆ ਦਾ ਕਾਹਦਾ ਮਾਣ ਕਰ ਰਿਹਾ ਹੈਂ?*

ਅਭਾਖਿਆ:-ਅਭਾਖਿਆ ਕਾ ਕੁਠਾ ਬਕਰਾ ਖਾਣਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)

ਗੁਰਬਾਣੀ ਸਟੀਕਾਂ ਅਨੁਸਾਰ ਅਭਾਖਿਆ ਦੇ ਅਰਥ ਕਿਸੇ ਦੂਜੀ ਬੋਲੀ ਦਾ, ਕਿਸੇ ਓਪਰੀ ਬੋਲੀ ਦਾ ਕੀਤੇ ਹੋਏ ਹਨ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਦੂਸਰੀ ਬੋਲੀ ਕਿਹੜੀ? ਇਹ ਸਵਾਲ ਦਾ ਜਵਾਬ ਵੀ ਗੁਰੂ ਸਾਹਿਬ ਦੀਆਂ ਵਿਚਾਰਾਂ ਵਿੱਚੋਂ ਹੀ ਮਿਲ ਜਾਂਦਾ ਹੈ। ਸਤਿਗੁਰੂ ਇਸਲਾਮਿਕ ਮਤ ਦੇ ਅਹਿਲਕਾਰਾਂ ਦੇ ਘਰ ਸਨਾਤਨ ਮਤ ਦੇ ਬ੍ਰਾਹਮਣ ਪੂਰਹਿ ਨਾਦ ਦਾ ਜ਼ਿਕਰ ਕਰ ਰਹੇ ਹਨ। ਮੁਸਲਮਾਨੀ ਮਤ ਦੀ ਮੂਲ ਭਾਸ਼ਾ ਅਰਬੀ ਹੈ। ਅਭਾਖਿਆ ਦੋ ਸ਼ਬਦਾਂ ਦੇ ਜੋੜ- ਅਰਬੀ+ਭਾਖਿਆ ਤੋਂ ਬਣਿਆ ਸ਼ਬਦ ਹੈ।ਜੇਕਰ ਇਸ ਨੂੰ ਹੋਰ ਖੋਲ੍ਹ ਕੇ ਸਮਝਿਆ ਜਾਵੇ ਤਾਂ ਸਰਲ-ਅਰਥ ਇਸ ਤਰ੍ਹਾਂ ਦੇ ਬਣਨਗੇ- 'ਅਰਬੀ ਭਾਸ਼ਾ ਵਿਚ ਆਖਿਆ ਕਲਮਾ।' ਅਰਬੀ ਭਾਸ਼ਾ ਵਿਚ (ਕਲਮਾ) ਕਹਿ ਕੇ ਬਕਰੇ ਨੂੰ ਕੋਹਿਆ ਗਿਆ ਹੈ।*

ਆਕੀ:-ਦਿਲਿ ਖੋਟੈ ਆਕੀ ਫਿਰਨਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੬)

ਅਰਬੀ ਭਾਸ਼ਾ ਦਾ ਇਹ ਸ਼ਬਦ; ਜਿਸ ਦੇ ਅਰਥ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ 'ਆਗਿਆ ਭੰਗ ਕਰਨ ਵਾਲਾ' ਤੇ 'ਬਾਗੀ' ਦਿੱਤੇ ਹਨ। ਅਕਸਰ ਹੀ ਮਨੁੱਖ ਨੂੰ ਇਤਿਹਾਸ ਪੜ੍ਹਨ ਲੱਗਿਆਂ ਪਤਾ ਚੱਲਦਾ ਹੈ ਕਿ ਫਲਾਣਾ ਰਾਜਾ ਆਕੀ ਹੋ ਗਿਆ ਸੀ। ਆਕੀ ਸ਼ਬਦ ਸੰਖੇਪ ਹੈ। ਦੋ ਸ਼ਬਦਾਂ ਦੇ ਜੋੜ ਤੋਂ ਇਹ ਸ਼ਬਦ ਬਣਿਆ ਹੈ—

ਆਕੀ : ਆਗਿਆ ਤੋਂ ਇਨਕਾਰੀ। ਆ: ਆਗਿਆ ਦਾ, ਕੀ : ਇਨਕਾਰੀ ਦਾ। ਭਾਵ ਜੋ ਹੁਕਮ ਨੂੰ ਨਹੀਂ ਮੰਨਦਾ। ਫੁਰਮਾਨ ਹੈ :

ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੨)

ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਜ਼ਿਕਰ ਕਰ ਰਹੇ ਹਨ ਕਿ- ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਜੀ ਦੇ ਸਪੁੱਤਰ ਗੁਰੂ ਜੀ ਦੀ ਆਗਿਆ ਮੰਨਣ ਤੋਂ ਇਨਕਾਰੀ ਹੋਏ, ਜਦਕਿ ਭਾਈ ਲਹਿਣਾ ਜੀ ਨੇ ਹੁਕਮ ਮੰਨਿਆ ਤਾਂ ਉਨ੍ਹਾਂ ਨੂੰ ਗੁਰਿਆਈ ਪ੍ਰਾਪਤ ਹੋਈ।*

ਕੜਿਆ:-ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੭)

'ਆਸਾ ਕੀ ਵਾਰ' ਵਿਚ ਦਰਜ ਇਹ ਸ਼ਬਦ ਸਰੋਤਿਆਂ (ਜਗਿਆਸੂ-ਜਨਾਂ) ਦੇ ਦਿਮਾਗ ਦੇ ਵਿਚ ਬਹੁਤ ਵਾਰ ਆਉਂਦਾ ਹੈ। ਸੁਣਨ ਵਾਲੇ ਦੇ ਮਨ ਵਿਚ ਇਸ ਦੇ ਅਰਥ ਸਮਝਣ ਦੀ ਬੜੀ ਤਾਂਘ ਪੈਦਾ ਹੁੰਦੀ ਹੈ ਕਿ 'ਕੜਿਆ' ਕੀ ਹੈ? ਪ੍ਰੋ. ਸਾਹਿਬ ਸਿੰਘ ਨੇ 'ਗੁਰਬਾਣੀ ਪਾਠ ਦਰਪਣ' ਵਿਚ ਇਸ ਦਾ ਅਰਥ 'ਅਹੰਕਾਰੀ' ਕੀਤਾ ਹੈ ਜੋ ਠੀਕ ਹੈ । ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਦੇ ਅਰਥ— ਬੰਨਿਆ, ਬੰਧਨਾਂ ਵਿਚ ਫਸਿਆ, ਤਪਿਆ, ਰਿਝਿਆ ਕੀਤੇ ਹਨ। ਫਿਰ ਸੁਣਨ ਵਾਲੇ ਨੂੰ ਲੱਗਦਾ ਕਿ ਸ਼ਾਇਦ ਸਤਿਗੁਰਾਂ ਦੇ ਸਮੇਂ ਇਸ ਤਰ੍ਹਾਂ ਬੋਲਿਆ ਜਾਂਦਾ ਹੋਵੇ।

ਹੁਣ ਸਮਾਂ ਬਦਲੇ ੫੫੦ ਸਾਲ ਲੰਘ ਗਏ ਹਨ, ਸ਼ਾਇਦ ਅਸੀਂ ਹੁਣ ਇਹ ਸ਼ਬਦ ਨਾ ਵਰਤ ਰਹੇ ਹੋਈਏ। ਕੜਿਆ ਸ਼ਬਦ ਸੰਖੇਪ ਹੈ, ਅਸੀਂ ਵੀ ਇਸ ਸ਼ਬਦ ਦੀ ਵਰਤੋਂ ਕਰਦੇ ਹਾਂ। ਸਾਨੂੰ ਇਸ ਸ਼ਬਦ ਦੇ ਅਰਥ ਸਮਝਣ ਵਾਸਤੇ ਆਪਣੀ ਮੱਤ ਅਨੁਸਾਰ ਇਸ ਵਿਚ ਅਗੇਤਰ 'ਆ' ਲਗਾਉਣਾ ਪਵੇਗਾ। ਜਿਸ ਤੋਂ ਪਤਾ ਲੱਗੇਗਾ ਕਿ ਕੜਿਆ : ਆਕੜਿਆ ਦਾ ਸੰਖੇਪ ਹੈ।ਸਤਿਗੁਰੂ ਜੀ ਸਮਝਾਅ ਰਹੇ ਹਨ ਕਿ ਮਨੁੱਖ ਜਿੰਨਾ ਲਿਖਿਆ-ਪੜ੍ਹਿਆ ਹੈ, ਉਨ੍ਹਾਂ ਹੀ ਮਨੁੱਖ ਅਹੰਕਾਰੀ ਹੋ ਜਾਂਦਾ ਹੈ। ਇਕ ਦਸਵੀਂ ਜਮਾਤ ਪੜ੍ਹੇ ਵਿਅਕਤੀ ਦੇ ਅੰਦਰ ਇੰਨਾ ਅਹੰਕਾਰ ਨਹੀਂ ਹੁੰਦਾ ਜਿੰਨਾ ਬੀ. ਏ. ਜਾਂ ਐਮ. ਏ. ਤਕ ਪੜ੍ਹੇ ਵਾਲੇ ਦੇ ਅੰਦਰ ਤੇ ਇਸੇ ਤਰ੍ਹਾਂ ਬੀ. ਏ., ਐਮ. ਏ. ਪੜ੍ਹੇ ਅੰਦਰ ਇੰਨਾ ਅਹੰਕਾਰ ਨਹੀਂ ਹੁੰਦਾ ਜਿੰਨਾ ਪੀ. ਐਚ. ਡੀ. ਵਾਲੇ ਦੇ ਅੰਦਰ ਹੁੰਦਾ ਹੈ। ਸਮੁੱਚਾ ਭਾਵ ਇਹ ਹੈ ਕਿ ਬਿਨਾਂ ਵਿਚਾਰ ਤੋਂ ਪੜ੍ਹਾਈ ਕੇਵਲ ਅਹੰਕਾਰ ਹੀ ਪੈਦਾ ਕਰਦੀ ਹੈ। ਫੁਰਮਾਨ ਹੈ :ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਗੋਸਟਿ:-ਰਾਮਕਲੀ ਮਹਲਾ ੧ ਸਿਧ ਗੋਸਟਿ (ਰਾਮਕਲੀ, ਮ: ੧)

"ਰਾਗ ਰਾਮਕਲੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ'।" ਪ੍ਰੋ. ਸਾਹਿਬ ਸਿੰਘ ਹੋਰਾਂ ਨੇ ਤਾਂ ਕੇਵਲ ਇਤਨੇ ਹੀ ਅਰਥ ਦਿੱਤੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਦੇ ਅਰਥ- ਸਭਾ ਵਿਚ ਵਾਰਤਾਲਾਪ, ਚਰਚਾ ਆਦਿਕ ਕੀਤੇ ਹਨ ਜੋ ਬਿਲਕੁਲ ਠੀਕ ਹਨ, ਪਰ ਪੂਰੀ ਤਰ੍ਹਾਂ 'ਗੋਸਟਿ' ਸ਼ਬਦ ਨੂੰ ਨਹੀਂ ਖੋਲਦੇ। ਪੜ੍ਹਨ ਵਾਲੇ ਦੇ ਮਨ ਨੂੰ ਪੂਰੀ ਤਰ੍ਹਾਂ ਦੇ ਨਾਲ ਤ੍ਰਿਪਤੀ ਨਹੀਂ ਮਿਲਦੀ। ਪਰ ਗੁਰੂ ਨਾਨਕ ਸਾਹਿਬ ਨੇ ਸ਼ੁਰੂ ਦੇ ਵਿਚ ਇਸ ਸ਼ਬਦ ਨੂੰ ਖੋਲਿਆ ਹੈ :

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੮)

ਗੋਸਟ ਗੱਲ ਹੋਵੇ ਸਾਹਮਣੇ ਟਿਕ ਕੇ, ਦਾ ਸੰਖੇਪ ਹੈ। ਜਦ ਦੋ ਜਾਂ ਇਸ ਤੋਂ ਵੱਧ ਮਨੁੱਖ ਟਿਕ ਕੇ ਆਹਮਣੇ-ਸਾਹਮਣੇ ਸਵਾਲ-ਜਵਾਬ ਕਰਦੇ ਹਨ ਤਾਂ ਉਸ ਨੂੰ 'ਗੋਸਟਿ' ਕਿਹਾ ਜਾਂਦਾ ਹੈ। ਸਿਧਾਂ ਨੇ ਟਿਕ ਕੇ ਸਵਾਲ ਕੀਤੇ, ਸਤਿਗੁਰੂ ਨੇ ਜਵਾਬ ਦਿੱਤੇ। ਲਾਭਇਹ ਹੋਇਆ ਕਿ ਸਿਧਾਂ ਦੇ ਅੰਦਰ ਸ਼ਾਂਤੀ ਪੈਦਾ ਹੋਈ। ਇਸ ਬਾਬਤ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ। (ਵਾਰ ੧:੪੪)

ਗੋਸਟਿ ਵਿਚ ਕੇਵਲ ਬੋਲਣ ਦੀ ਹੀ ਪ੍ਰਕਿਰਿਆ ਹੁੰਦੀ ਹੈ, ਭਾਵ ਕਿ ਜ਼ੁਬਾਨ ਦੀ ਹੀ ਵਰਤੋਂ ਕੀਤੀ ਜਾਂਦੀ ਹੈ, ਜਦਕਿ ਮਨੁੱਖ ਦਾ ਬਾਕੀ ਸਾਰਾ ਸਰੀਰ ਟਿਕਿਆ ਹੁੰਦਾ ਹੈ।*

ਦਿਬ ਦ੍ਰਿਸਟਿ :-ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)

'ਰਾਮਕਲੀ ਰਾਗ' ਦੇ ਅੰਦਰ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬਜੀ ਦੁਆਰਾ ਉਚਾਰਨ 'ਅਨੰਦ ਸਾਹਿਬ' ਬਾਣੀ ਵਿਚ ਇਸ ਦਾ ਜ਼ਿਕਰ ਹੈ। ਨੇਤਰ, ਅੱਖਾਂ ਨੂੰ ਸੰਬੋਧਨ ਕਰਦਿਆਂ ਸਤਿਗੁਰੂ ਜੀ ਜ਼ਿਕਰ ਕਰਦੇ ਹਨ ਕਿ ਗੁਰੂ ਦੇ ਮਿਲਣ ਦੇ ਨਾਲ 'ਦਿਬ ਦ੍ਰਿਸਟਿ' ਪ੍ਰਾਪਤ ਹੋ ਜਾਂਦੀ ਹੈ। ਪ੍ਰੋ. ਸਾਹਿਬ ਸਿੰਘ ਹੋਰਾਂ ਨੇ 'ਗੁਰਬਾਣੀ ਪਾਠ ਦਰਪਣ' ਵਿਚ ਇਸ ਦੇ ਅਰਥ- ਚਮਕੀਲੀ, ਰੋਸ਼ਨ ਕੀਤੇ ਹਨ।ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇਸ ਦੇ ਅਰਥ ਅਲੌਕਿਕ ਦ੍ਰਿਸਟਿ, ਜਿਸ ਦੇ ਨਾਲ ਸਾਰੇ ਗੁਪਤ ਅਸਥਾਨ ਨਜ਼ਰ ਆਉਣ, ਕੀਤੇ ਹਨ। ਗੁਰਬਾਣੀ ਵਿਚ ਗੁਰੂ ਸਾਹਿਬ ਨੇ ਇਸ ਦੀ ਵਿਆਖਿਆ ਕੀਤੀ ਹੈ। ਇਹ ਸ਼ਬਦ ਸ੍ਰੀ ਗੁਰੂ ਨਾਨਕ ਸਾਹਿਬ ਦੇ ਸ਼ਬਦ ਦਾ ਸੰਖੇਪ ਹੈ :-

ਦਿਬ : ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥

ਦ: ਦੇਖ: ਅਦ੍ਰਿਸਟਬ : ਬਿਸਮਾਦੀ ਭਾਵ ਜਿਸ ਨੂੰ ਗੁਰੂ ਮਿਲ ਪਿਆ ਹੈ ਉਸ ਨੂੰ ਅਦ੍ਰਿਸ਼ਟ ਪਰਮਾਤਮਾ ਸਾਰੇ ਪਾਸੇ ਨਜ਼ਰ ਆਉਣ ਦੇ ਕਾਰਨ; ਉਸ ਦੇ ਸਾਰੇ ਦੁਖ ਬਿਸਰ ਜਾਂਦੇ ਹਨ, ਬਿਸਮਾਦ ਸਦੀਵੀ ਤੌਰ 'ਤੇ ਉਸ ਦੇ ਮਨ ਦੇ ਉੱਪਰ ਛਾਇਆ ਰਹਿੰਦਾ ਹੈ।*

ਬਾਬੋਲਾ:-ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮)

ਇਹ ਸ਼ਬਦ ਗੁਰਬਾਣੀ ਵਿਚ 'ਬਾਬੋਲਾ', 'ਬਾਬੁਲ' ਰੂਪ ਦੇ ਵਿਚ ਕਈ ਵਾਰ ਆਇਆ ਹੈ।ਗੁਰੂ ਸਾਹਿਬ ਨੇ ਇਹ ਸ਼ਬਦ ਪਰਮਾਤਮਾ ਦੇ ਪ੍ਰਤੀ ਵਰਤਿਆ ਹੈ ਅਤੇ ਸੰਸਾਰ ਵਿਚ ਲੜਕੀ ਦੇ ਪਿਤਾ ਨੂੰ 'ਬਾਬੁਲ' ਕਿਹਾ ਜਾਂਦਾ ਹੈ।'ਮਹਾਨ ਕੋਸ਼' ਵਿਚ ਪਿਤਾ, ਬਾਪ, ਕਰਤਾਰ, ਜੋ ਸਭ ਦਾ ਪਿਤਾ ਹੈ, ਵਿਚ ਬਾਬੁਲ ਦੇ ਅਰਥ ਦਰਜ ਹਨ। ਪਰਮਾਤਮਾ ਦਾ, ਲੜਕੀ ਦੇ ਪਿਤਾ ਦਾ ਇਹ ਨਾ ਕ੍ਰਿਆ ਦੇ ਕਰਕੇ ਪਿਆ ਹੈ :-

ਬਾਬੋਲਾ : ਬਹੁਤ ਮਿੱਠਾ ਬੋਲਾਇਆਬ: ਬਹੁਤ ਬੋਲਾ : ਬੋਲਾਇਆ ਦਾ ਹੈ।ਅਕਸਰ ਹੀ ਪਿਤਾ ਆਪਣੀ ਧੀ ਨੂੰ ਬੜੀ ਮਿਠਾਸ ਦੇ ਨਾਲ ਬੁਲਾਉਂਦਾ ਹੈ। ਪਰਮਾਤਮਾ ਤਾਂ ਸਦਾ ਹੀ ਮਿੱਠਾ ਬੋਲਦਾ ਹੈ। ਗੁਰੂ ਸਾਹਿਬ ਤਾਂ ਆਪ ਜ਼ਿਕਰ ਕਰਦੇ ਹਨ ਕਿ ਕੁਝ ਐਸਾ ਵੀ ਹੈ ਜੋ ਪਰਮਾਤਮਾ ਨਹੀਂ ਜਾਣਦਾ। ਮਨੁੱਖ ਉਨ੍ਹਾਂ (ਗੁਰੂ ਸਾਹਿਬ) ਦੀ ਗੱਲ ਸੁਣ ਕੇ ਹੈਰਾਨ ਹੋਵੇਗਾ ਕਿ ਐਸਾ ਕੀ ਹੈ? ਜੋ ਪਰਮਾਤਮਾ ਨਹੀਂ ਜਾਣਦਾ ! ਅਸੀਂ ਤਾਂ ਰੋਜ਼ ਪੜ੍ਹਦੇ-ਸੁਣਦੇ ਹਾਂ ਕਿ ਪਰਮਾਤਮਾ ਸਭ ਕੁਝ ਜਾਣਦਾ ਹੈ।ਫੁਰਮਾਨ ਹੈ:

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥


(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੪)

ਪੰਚਮ ਪਾਤਸਾਹ ਫੁਰਮਾਉਂਦੇ ਹਨ ਕਿ ਸਾਡਾ ਸੁਆਮੀ ਮਿੱਠਾ ਬੋਲਣ ਵਾਲਾ ਹੈ, ਇਹ ਤਾਂ ਬਹੁਤ ਸੁਣਿਆ! ਅਸੀਂ ਇਹ ਯਾਦ ਕਰ ਕੇ ਥੱਕ ਗਏ ਹਾਂ ਕਿ ਕੀ ਕਦੀ ਕੋਈ ਬਚਨ ਉਸ (ਪ੍ਰਭੂ-ਪਰਮਾਤਮਾ) ਨੇ ਕੌੜਾ ਵੀ ਬੋਲਿਆ ਹੈ? ਕੌੜਾ ਬੋਲਣਾ ਉਹ ਜਾਣਦਾ ਹੀ ਨਹੀਂ ਹੈ!

ਆਮ ਤੌਰ 'ਤੇ ਮਨੁੱਖ ਕਹਿ ਦਿੰਦਾ ਹੈ ਕਿ ਸਚਾਈ ਕੌੜੀ ਹੁੰਦੀ ਹੈ। ਇਹ ਪੱਛਮ ਦੀ ਕਹਾਵਤ Truth Tastes Bitter ਦਾ ਅਨੁਵਾਦ ਹੈ। ਪਰੰਤੂ ਇੱਥੇ ਸਾਰੀ ਬਾਣੀ ਸੱਚੀ ਹੈ ਤੇ ਬੜੀ ਮਿੱਠੀ ਹੈ, ਕਿਉਂਕਿ ਇਹ ਪਿਤਾ ਪਰਮਾਤਮਾ ਬਾਬੁਲ ਦੀ ਹੈ।

KHALSA AKHBAAR PRESENTS

ਖ਼ਾਲਸਾ ਅਖ਼ਬਾਰ




# NANAKSHAHI 558

NANAKSHAHI 558 | KHALSA SAMMAT 327-28 | BIKRAMI 2082-83

## ਨਾਨਕਸ਼ਾਹੀ ਸੰਮਤ ੫੫੮


# SCAN HERE

FOR ALL SIKH CALENDAR DATES

# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।


# ਇੱਕ ਕੋਸ਼ਿਸ਼

## ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

## ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar

